**ਤਲਵੰਡੀ ਸਾਬੋ, 05 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)-** ਭਾਰਤ ਦੇ ਉੱਤਰੀ ਹਿੱਸਿਆ ਵਿੱਚ ਅਕਤੂਬਰ ਅਤੇ ਨਵੰਬਰ ਦੇ ਮਹੀਨਿਆਂ ਦੌਰਾਨ ਪਰਾਲੀ ਸਾੜ੍ਹਨ ਨੂੰ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਸਰਦੀ ਦੇ ਮੌਸਮ ਵਿੱਚ ਦਿਖਾਈ ਦੇਣ ਵਾਲੀ ਧੁੰਦ ਪਰਾਲੀ ਸਾੜਨ ਨਾਲ ਜੁੜੀ ਹੈ। ਪੰਜਾਬ ਦੇ ਕਿਸਾਨਾਂ ਨੇ ਝੋਨੇ, ਕਣਕ ਦੇ ਫਸਲੀ ਚੱਕਰ ਨੂੰ ਅਪਣਾ ਲਿਆ ਹੈ। ਜਿਸ ਕਾਰਨ ਵੱਡੇ ਪੱਧਰ 'ਤੇ ਪਰਾਲੀ ਫਸਲੀ ਰਹਿੰਦ-ਖੂਹੰਦ ਇੱਕਠੀ ਹੋ ਜਾਂਦੀ ਹੈ ਤੇ ਇਸਦਾ ਕੋਈ ਸਥਾਈ ਹੱਲ ਨਾ ਹੋਣ ਕਰਕੇ ਕਿਸਾਨ ਪਰਾਲੀ ਨੂੰ ਅੱਗ ਲਗਾਉਂਦੇ ਹਨ।ਜਿਸ ਨਾਲ ਹਾਨੀਕਾਰਕ ਗੈਸਾਂ ਨਿਕਲਦੀਆਂ ਹਨ ਜੋ ਕਿ ਹਵਾ ਦੀ ਗੁਣਵੱਤਾ ਨੂੰ ਖਰਾਬ ਕਰਦੀਆਂ ਹਨ। ਪਰ ਸਿਰਫ਼ ਪਰਾਲੀ ਸਾੜਨ ਨਾਲ ਪੈਦਾ ਹੋਈਆਂ ਜ਼ਿਹਰੀਲੀਆਂ ਗੈਸਾਂ ਕਰਕੇ ਹੀ ਵਾਤਾਵਰਣ ਪਲੀਤ ਨਹੀਂ ਹੁੰਦਾ ਸਗੋਂ ਉਦਯੋਗਿਕ ਕਾਰਖਾਨਿਆਂ ਵਿੱਚੋਂ ਨਿਕਲਦੀਆਂ ਗੈਸਾਂ ਵੀ ਇਸ ਲਈ ਬਰਾਬਰ ਦੀਆਂ ਜ਼ਿੰਮੇਵਾਰ ਹਨ। ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖੋਜਾਰਥੀਆਂ ਦੀ ਟੀਮ, ਡਾ. ਬਹਾਦਰਜੀਤ ਸਿੰਘ, ਡਾ. ਲਵਪ੍ਰੀਤ ਸਿੰਘ, ਡਾ. ਅੰਮ੍ਰਿਤਪਾਲ ਸਿੰਘ ਅਤੇ ਬੀ.ਐਸ.ਚੀਮਾ ਦੀ ਖੋਜ ਅਨੁਸਾਰ ਪੰਜਾਬ ਰਾਜ ਵਿੱਚ ਸਾਉਣੀ ਦੇ ਸੀਜ਼ਨ ਦੇ 15 ਸਤੰਬਰ 2022 ਤੋਂ 15 ਦਸੰਬਰ 2022 ਤੱਕ ਪਰਾਲੀ ਸਾੜਨ ਅਤੇ ਸਾੜਨ ਤੋਂ ਬਾਅਦ ਦੇ ਸਮੇਂ ਵਿੱਚ ਹਵਾ ਦੀ ਗੁਣਵੱਤਾ ਦੀ ਜਾਂਚ ਕੀਤੀ ਗਈ। ਇਹ ਅਧਿਐਨ ਪੰਜਾਬ ਰਾਜ ਦੇ ਤਿੰਨ ਜ਼ਿਲ੍ਹਿਆ ਨੂੰ ਤਿੰਨ ਵੱਖ-ਵੱਖ ਵਰਗਾਂ ਵਿੱਚੋਂ ਚੁਣ ਕੇ ਕੀਤਾ ਗਿਆ, ਜਿਸ ਵਿੱਚ ਉਦਯੋਗਿਕ ਜ਼ਿਲ੍ਹਾ ਲੁਧਿਆਣਾ, ਦਰਮਿਆਨੀ ਉਦਯੋਗਿਕ ਜ਼ਿਲ੍ਹਾ ਬਠਿੰਡਾ ਤੇ ਗੈਰ ਉਦਯੋਗਿਕ ਜ਼ਿਲ੍ਹਾ ਵਜੋਂ ਪਟਿਆਲਾ ਨੂੰ ਚੁਣਿਆ ਗਿਆ। ਇਹ ਅਧਿਐਨ ਮੁੱਖ ਤੌਰ 'ਤੇ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਲੁਧਿਆਣਾ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਇਕੱਤਰ ਕੀਤੇ ਫਸਲਾਂ ਦੀ ਰਹਿੰਦ-ਖੂਹੰਦ ਨੂੰ ਸਾੜਨ ਦੀਆਂ ਘਟਨਾਵਾਂ ਅਤੇ ਏਅਰ ਕੁਆਲਿਟੀ ਇੰਡੈਕਸ ਮਾਪਦੰਡਾਂ ਲਈ ਸੈਂਕੰਡਰੀ ਅੰਕੜਿਆਂ 'ਤੇ ਆਧਾਰਿਤ ਹੈ। ਖੋਜਾਰਥੀਆਂ ਵੱਲੋਂ ਇਹ ਸਿੱਟਾ ਕੱਢਿਆ ਗਿਆ ਕਿ ਪਰਾਲੀ ਨੂੰ ਅੱਗ ਲਗਾਉਣ ਸਮੇਂ ਤਿੰਨਾਂ ਜ਼ਿਲ੍ਹਿਆ ਵਿੱਚ ਹਵਾ ਦੀ ਗੁਣਵੱਤਾ ਤੇਜੀ ਨਾਲ ਖਰਾਬ ਹੋਈ। ਪਰ ਪਰਾਲੀ ਸਾੜਨ ਦੇ ਸਮੇਂ ਤੋਂ ਬਾਅਦ ਦੇ ਅੰਕੜਿਆਂ ਨੇ ਸਾਬਿਤ ਕੀਤਾ ਕਿ ਲੁਧਿਆਣਾ ਅਤੇ ਬਠਿੰਡਾ ਜੋ ਕਿ ਉਦਯੋਗਿਕ ਅਤੇ ਮੱਧਮ ਉਦਯੋਗਿਕ ਜ਼ਿਲ੍ਹੇ ਹਨ ਉਨ੍ਹਾਂ ਵਿੱਚ ਹਵਾ ਦੀ ਗੁਣਵੱਤਾ ਵਿੱਚ ਕੋਈ ਖਾਸ ਸੁਧਾਰ ਦੇਖਣ ਨੂੰ ਨਹੀਂ ਮਿਲਿਆ ਜਦੋਂ ਕਿ ਪਟਿਆਲਾ ਜਿੱਥੇ ਉਦਯੋਗਿਕ ਖੇਤਰ ਬਹੁਤ ਘੱਟ ਹੈ, ਵਿੱਚ ਹਵਾ ਦੀ ਗੁਣਵੱਤਾ ਵਿੱਚ ਵਧੇਰੇ ਸੁਧਾਰ ਆਇਆ। ਜਿਸ ਤੋਂ ਸਿੱਧ ਹੋਇਆ ਕਿ ਵਾਤਾਵਰਣ ਨੂੰ ਪਲੀਤ ਕਰਨ ਵਿੱਚ ਕਾਰਖਾਨਿਆਂ ਵੱਲੋਂ ਹਵਾ ਵਿੱਚ ਛੱਡੀਆਂ ਗਈਆਂ ਗੈਸਾਂ ਵੀ ਓਨ੍ਹੀਆਂ ਹੀ ਜ਼ਿੰਮੇਵਾਰ ਹਨ ਜਿਨ੍ਹਾਂ ਕਿ ਫਸਲੀ ਰਹਿੰਦ-ਖੂਹੰਦ ਨੂੰ ਸਾੜਨ ਸਮੇਂ ਹੋਣ ਵਾਲਾ ਪ੍ਰਦੂਸ਼ਣ।

ਬਚਪਨ ਦੀਆਂ ਯਾਦਾਂ ਨੂੰ ਯਾਦ ਕਰਦੇ ਹੋਏ ਪਿੰਡ ਲਈ ਕੁਝ ਕਰਨ ਦੀ ਇੱਛਾ ਕੀਤੀ ਜ਼ਾਹਿਰ- ਜਲਦ ਕਰਨਗੇ ਜਲਾਲਉਸਮਾਂ ਦੀ ਫੇਰੀ

# ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ ਪਿੰਡ ਜਲਾਲਉਸਮਾਂ ਦੀ ਮਿੱਟੀ ਨੂੰ ਕੀਤਾ ਯਾਦ



**ਚੌਕ ਮਹਿਤਾ, 5 ਅਪਰੈਲ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਪਿੰਡ ਜਲਾਲ ਉਸਮਾਂ ਦੇ ਨੌਜਵਾਨ ਅਧਿਆਪਕ ਆਗੂ ਮਾ.ਗੁਰਪ੍ਰੀਤ ਸਿੰਘ ਜਲਾਲਉਸਮਾ ਤੇ ਚੇਅਰਮੈਨ ਗੁਰਮੀਤ ਸਿੰਘ ਨੰਗਲੀ ਕਲਾਂ ਨੇ ਪਿਛਲੀ ਦਿਨੀਂ ਦੇਹਰਾਦੂਨ ਦੇ ਰਾਜ ਭਵਨ ਵਿਖੇ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨਾਲ ਰਸਮੀ ਮੁਲਾਕਾਤ ਕੀਤੀ, ਜੋ ਕਿ ਪਿੰਡ ਜਲਾਲਉਸਮਾਂ ਦੇ ਹੀ ਜੰਮਪਲ ਹਨ ਤੇ ਇਸ ਸਮੇਂ ਉਤਰਾਖੰਡ ਰਾਜ ਦੇ ਮੌਜੂਦਾ ਰਾਜਪਾਲ ਹਨ।ਇਸ ਮੁਲਾਕਾਤ ਦੌਰਾਨ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ ਆਪਣੇ ਪਿੰਡ ਤੋਂ ਆਏ ਮਹਿਮਾਨਾਂ ਨੂੰ ਮਿਲ ਕੇ ਬਹੁਤ ਖੁਸ਼ ਹੋਏ ਤੇ ਆਪਣੇ ਰੁਝੇਵਿਆਂ 'ਚੋਂ ਵਿਸ਼ੇਸ਼ ਸਮ੍ਹਾਂ ਕੱਢਦੇ ਹੋਏ ਉਨ੍ਹਾਂ ਨਾਲ ਗੁਰੂ ਨਗਰੀ ਸ਼੍ਰੀ ਅੰਮ੍ਰਿਤਸਰ ਸਾਹਿਬ ਤੇ ਆਪਣੇ ਪਿੰਡ ਜਲਾਲਉਸਮਾਂ ਨਾਲ ਜੁੜੀਆਂ ਕੁਝ ਅਨਮੋਲ ਯਾਦਾਂ ਸਾਂਝੀਆਂ ਕੀਤੀਆਂ ਤੇ ਆਪਣੇ ਪਿੰਡ ਲਈ ਕੁਝ ਕਰਨ ਦੀ ਇੱਛਾ ਨੂੰ ਜ਼ਾਹਿਰ ਕੀਤਾ।ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਗੱਲਬਾਤ ਦੌਰਾਨ ਜਿੱਥੇ ਉਹ ਆਪਣੇ ਹਰੇਕ ਸ਼ਬਦ ਨਾਲ ਵਾਹਿਗੁਰੂ ਜੀ ਦਾ ਸ਼ੁਕਰਾਨਾ ਅਦਾ ਕਰਦੇ ਨਜ਼ਰ ਆਏ ,ਉੱਥੇ ਹੀ ਉਨ੍ਹਾਂ ਨੇ ਬਚਪਨ 'ਚ ਪਿੰਡ ਜਲਾਲਉਸਮਾਂ ਦੇ ਗੁਰਦੁਆਰਾ ਸਾਹਿਬ ਵਿਖੇ ਆਰਮੀ 'ਚ ਨੌਕਰੀ ਕਰਨ ਤੇ ਮੋਢੇ ਉੱਪਰ ਤਿੰਨ ਫੁੱਲ ਲਾਉਣ ਦੀ ਅਰਦਾਸ ਕਰਨ ਦਾ ਕਿੱਸਾ ਵੀ ਸਾਂਝਾ ਕੀਤਾ।ਉਨ੍ਹਾਂ ਨੇ ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਪਿੰਡ 'ਚ ਬਿਤਾਏ ਆਪਣੇ ਬਹੁਤ ਸਾਰੇ ਪਲਾਂ ਨੂੰ ਚੇਤਾ ਕੀਤਾ ਤੇ ਇੱਕ ਵੀਡਿਓ ਸ਼ੰਦੇਸ਼ ਰਾਹੀਂ ਆਪਣੇ ਪਿੰਡ ਵਾਸੀਆਂ ਦਾ ਰੂਹ ਤੋਂ ਧੰਨਵਾਦ ਵੀ ਕੀਤਾ।ਉਨ੍ਹਾਂ ਨੇ ਇਤਿਹਾਸਕ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਪ੍ਰਤੀ ਆਪਣੀ ਆਸਥਾ ਪ੍ਰਗਟ ਕਰਦੇ ਹੋਏ ਇਸ ਨਾਲ ਸਬੰਧਤ ਇੱਕ ਕਿੱਸੇ ਦਾ ਜ਼ਿਕਰ ਕੀਤਾ। ਇਸ ਦੌਰਾਨ ਹੀ ਉਨ੍ਹਾਂ ਨੇ ਸਵ. ਜਥੇਦਾਰ ਸੋਹਣ ਸਿੰਘ ਜਲਾਲਉਸਮਾ ਤੇ ਸਰਦਾਰ ਪਿਸਤੌਲ ਸਿੰਘ ਜਲਾਲ ਉਸਮਾ ਦੀ ਕੁਰਬਾਨੀ ਦਾ ਜ਼ਿਕਰ ਕਰਦਿਆ ਉਨ੍ਹਾਂ ਬਾਰੇ ਵੀ ਵਿਚਾਰ ਚਰਚਾ ਕੀਤੀ।

ਇਸ ਮੀਟਿੰਗ ਦੌਰਾਨ ਰਾਜਪਾਲ ਗੁਰਮੀਤ ਸਿੰਘ ਨੇ ਆਪਣੀਆਂ ਪ੍ਰਾਪਤੀਆਂ ਪਿੰਡ ਵਾਸੀਆਂ ਨੂੰ ਸਮਰਪਿਤ ਕਰਦੇ ਹੋਏ ਮਾ.ਗੁਰਪ੍ਰੀਤ ਸਿੰਘ ਨਾਲ ਪਿੰਡ ਦੇ ਸਕੂਲ ਤੇ ਨੌਜਵਾਨਾਂ ਲਈ ਕੁਝ ਕਰਨ ਦੀ ਇੱਛਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਜਲਦੀ ਹੀ ਪਿੰਡ ਆਉਣਗੇ ਤੇ ਆਪਣੇ ਲੋਕਾਂ ਦੇ ਰੂਬਰੂ ਹੋਣਗੇ।ਉਨ੍ਹਾਂ ਨੇ ਕਿਹਾ ਕਿ ਉਹ ਪਿੰਡ ਲਈ ਕੋਈ ਲਾਇਬ੍ਰੇਰੀ ਜਾਂ ਮਿਊਜ਼ੀਅਮ ਜ਼ਰੂਰ ਬਣਾਉਣਗੇ ਤਾਂ ਜੋ ਪਿੰਡ ਦੇ ਨੌਜਵਾਨਾਂ ਤੇ ਬੱਚਿਆਂ ਨੂੰ ਜ਼ਿੰਦਗੀ 'ਚ ਅੱਗੇ ਵੱਧਣ ਦੀ ਪ੍ਰੇਰਣਾ ਮਿਲਦੀ ਰਹੇ। ਮਾ. ਗੁਰਪ੍ਰੀਤ ਸਿੰਘ ਨੇ ਸਮੁੱਚੇ ਪਿੰਡ ਦੀ ਤਰਫੋਂ ਆਪਣੇ ਪਿਤਾ ਸਰਪੰਚ ਗੁਰਬਖਸ਼ ਸਿੰਘ ਵੱਲੋਂ ਸਨਮਾਨ 'ਚ ਭੇਜਿਆ ਗਿਆ ਗੁਲਦੱਸਤਾ ਰਾਜਪਾਲ ਜੀ ਨੂੰ ਭੇਂਟ ਕਰਦੇ ਹੋਏ ਜਲਦ ਪਿੰਡ ਆਉਣ ਦਾ ਦਿਲੀ ਸੱਦਾ ਦਿੱਤਾ।ਇਸ ਮੁਲਾਕਾਤ 'ਤੇ ਆਪਣੀ ਖੁਸ਼ੀ ਸਾਂਝੀ ਕਰਦੇ ਹੋਏ ਕਿਹਾ ਕਿ ਬੇਸ਼ੱਕ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਅੱਜ ਉੱਚ ਅਹੁਦੇ 'ਤੇ ਬਿਰਾਜਮਾਨ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਹਨ ਪਰ ਫਿਰ ਵੀ ਉਹ ਪੂਰੀ ਤਰ੍ਹਾਂ ਨਾਲ ਜ਼ਮੀਨ ਨਾਲ ਜੁੜੇ ਹੋਏ ਤੇ ਨਿੱਘੇ ਸੁਭਾਅ ਦੇ ਇਨਸਾਨ ਹਨ,ਜਿੰਨ੍ਹਾਂ ਦੀ ਜ਼ੁਬਾਨ 'ਤੇ ਹਰ ਪਲ ਵਾਹਿਗੁਰੂ ਦਾ ਸ਼ੁਕਰਾਨਾ ਹੈ ,ਮਨ 'ਚ ਆਪਣੇ ਜੱਦੀ ਪਿੰਡ ਜਲਾਲਉਸਮਾਂ ਦੀਆਂ ਯਾਦਾਂ ਵੱਸੀਆਂ ਹੋਈਆਂ ਹਨ ਤੇ ਦਿਲ 'ਚ ਆਪਣੇ ਪਿੰਡ ਦੇ ਲੋਕਾਂ ਲਈ ਬਹੁਤ ਸਾਰਾ ਪਿਆਰ ਸਮੋਇਆ ਹੈ।ਮੁਲਾਕਾਤ ਉਪਰੰਤ ਰਾਜਪਾਲ ਜੀ ਨੇ ਵਾਪਸੀ ਮੌਕੇ ਆਪਣੇ ਮਹਿਮਾਨਾਂ ਨੂੰ ਰਾਜਭਵਨ ਵੱਲੋਂ ਦਿੱਤੇ ਜਾਂਦੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਤੇ ਹੋਰ ਸੌਗਾਤਾਂ ਭੇਂਟ ਕੀਤੀਆਂ।

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦਾ ਹੋਇਆ ਜਿਲ੍ਹਾ ਚੋਣ ਇਜਲਾਸ



ਤਲਵੰਡੀ ਸਾਬੋ, 05 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦਾ ਜਿਲੇ ਦਾ ਚੋਣ ਇਜਲਾਸ ਪਿੰਡ ਭਾਗੀਵਾਂਦਰ ਦੇ ਡੇਰਾ ਬਾਬਾ ਨਿੱਕੂ ਰਾਮ ਦੇ ਹਾਲ ਵਿਚ ਹੋਇਆ ਜਿਸ ਦੇ ਚੋਣ ਅਬਜਰਵਰ ਮਹਿੰਦਰ ਸਿੰਘ ਭੈਣੀ ਬਾਘਾ ਜਿਲ੍ਹਾ ਜਰਨਲ ਸਕੱਤਰ ਮਾਨਸਾ ਅਤੇ ਲਛਮਣ ਸਿੰਘ ਚੱਕ ਅਲੀਸ਼ੇਰ ਜ਼ਿਲ੍ਹਾ ਪ੍ਰਧਾਨ ਮਾਨਸਾ ਰਹੇ। ਇਕਬਾਲ ਸਿੰਘ ਮਾਨਸਾ ਜਿਲਾ ਆਗੂ ਅਤੇ ਦਰਸ਼ਨ ਸਿੰਘ ਗੁਰਨੇ ਬਲਾਕ ਪ੍ਰਧਾਨ ਬੁਢਲਾਡਾ ਵਿਸ਼ੇਸ਼ ਤੌਰ 'ਤੇ ਪਹੁੰਚੇ ਇਹ ਚੋਣ ਬੂਟਾ ਸਿੰਘ ਬੁਰਜ ਗਿੱਲ ਸੂਬਾ ਪ੍ਰਧਾਨ ਦੀ ਨਿਗਰਾਨੀ ਹੇਠ ਹੋਈ ਬਲਦੇਵ ਸਿੰਘ ਭਾਈਰੂਪਾ ਨੂੰ ਲਗਾਤਾਰ ਚੌਥੀ ਵਾਰ ਫਿਰ ਤੋਂ ਪ੍ਰਧਾਨ ਚੁਣਿਆ ਗਿਆ। ਡੈਲੀਗੇਟਾਂ ਦੀ ਸਹਿਮਤੀ ਲੈ ਕੇ ਚੁਣੀ ਗਈ ਜ਼ਿਲ੍ਹਾ ਕਮੇਟੀ ਵਿੱਚ ਬਲਦੇਵ ਸਿੰਘ ਭਾਈਰੂਪਾ ਪ੍ਰਧਾਨ, ਰਾਜਮਹਿੰਦਰ ਸਿੰਘ ਕੋਟਭਾਰਾ ਜਰਨਲ ਸਕੱਤਰ, ਅਵਤਾਰ ਸਿੰਘ ਰਾਜਗੜ ਕੁੱਬੇ ਖਜਾਨਚੀ, ਬਲਕਰਨ ਸਿੰਘ ਭਾਗੀਵਾਂਦਰ ਸੀਨੀਅਰ ਮੀਤ ਪ੍ਰਧਾਨ, ਰਾਮਪਾਲ ਸਿੰਘ ਮੁਹੱਬਤ ਲਹਿਰਾ ਮੀਤ ਪ੍ਰਧਾਨ, ਸੋਨੂੰ ਅਜ਼ਾਦ ਲਹਿਰੀ ਪ੍ਰੈੱਸ ਸਕੱਤਰ, ਫੂਲਾ ਸਿੰਘ, ਕਰਮਜੀਤ ਕੌਰ, ਮੀਤਾਂ ਕੌਰ, ਗੁਰਦੇਵ ਕੌਰ ਅਤੇ ਜੋਗਿੰਦਰ ਕੌਰ ਕਮੇਟੀ ਮੈਂਬਰਾਂ ਸਮੇਤ ਗਿਆਰਾਂ ਮੈਂਬਰੀ ਕਮੇਟੀ ਚੁਣੀ ਗਈ, ਚੁਣੇ ਗਏ ਅਹੁਦੇਦਾਰਾਂ ਨੇ ਅਹਿਦ ਕੀਤਾ ਕਿ ਹਮੇਸ਼ਾ ਕਿਸਾਨੀ ਮੰਗਾਂ, ਮਸਲਿਆਂ ਲਈ ਲੜਦੇ ਰਹਾਂਗੇ।ਇਸ ਮੌਕੇ ਲਛਮਣ ਸਿੰਘ ਭਾਗੀਵਾਂਦਰ ਬਲਾਕ ਪ੍ਰਧਾਨ ਤਲਵੰਡੀ ਸਾਬੋ, ਬੂਟਾ ਸਿੰਘ ਤੁੰਗਵਾਲੀ ਬਲਾਕ ਪ੍ਰਧਾਨ ਨਥਾਣਾ, ਗੁਰਦਾਸ ਸਿੰਘ ਬਲਾਕ ਜਰਨਲ ਸਕੱਤਰ ਨਥਾਣਾ, ਬਲਦੇਵ ਸਿੰਘ ਬੱਲੂਆਣਾ ਬਲਾਕ ਪ੍ਰਧਾਨ ਬਠਿੰਡਾ, ਜਸਪਾਲ ਸਿੰਘ ਰਾਜਗੜ੍ਹ ਕੁੱਬੇ ਬਲਾਕ ਖਜਾਨਚੀ ਤਲਵੰਡੀ ਸਾਬੋ, ਪ੍ਰੀਤਮ ਸਿੰਘ ਰਾਮਸਰਾ ਸਮੇਤ ਸਾਰੀਆਂ ਹੀ ਪਿੰਡ ਇਕਾਈਆਂ ਦੇ ਸੈਂਕੜੇ ਕਿਸਾਨ ਸ਼ਾਮਲ ਸਨ।

# ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਦੀ ਮੈਰਿਟ ਹਾਸਲ ਕਰਨ ਵਾਲੀ ਵਿਦਿਆਰਥਣ ਨੂੰ ਮਿਲਿਆ ਵਜੀਫਾ




**ਤਲਵੰਡੀ ਸਾਬੋ, 05 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**-ਬੀਤੇ ਵਰ੍ਹੇ ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਦੀ ਬਾਰ੍ਹਵੀਂ ਜਮਾਤ ਦੀ ਇੱਕ ਵਿਦਿਆਰਥਣ ਨੇ ਮੈਰਿਟ ਹਾਸਲ ਕਰਨ ਉਪਰੰਤ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਵਿਦਿਆਰਥਣ ਨੂੰ ਅੱਜ ਵਜੀਫੇ ਦਾ ਚੈੱਕ ਦਿੱਤਾ ਗਿਆ। ਅੱਜ ਵਜੀਫੇ ਦਾ ਚੈੱਕ ਵਿਦਿਆਰਥਣ ਜਸ਼ਨਪ੍ਰੀਤ ਕੌਰ ਦੇ ਪਿਤਾ ਸ੍ਰ.ਕੁਲਵਿੰਦਰ ਸਿੰਘ ਪਿੰਡ ਲਹਿਰੀ ਨੇ ਸਕੂਲ ਵਿਖੇ ਪਹੁੰਚਕੇ ਸਕੂਲ ਪ੍ਰਿੰਸੀਪਲ ਸ੍ਰ. ਲਖਵਿੰਦਰ ਸਿੰਘ ਸਿੱਧੂ ਪਾਸੋਂ ਪ੍ਰਾਪਤ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਸ੍ਰ. ਲਖਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਪਿਛਲੇ ਸਾਲ ਸਕੂਲ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਵਿਚੋਂ ਮੈਰਿਟ ਵਿਚ ਸਥਾਨ ਪ੍ਰਾਪਤ ਕੀਤਾ ਅਤੇ ਸੂਬੇ ਵਿਚੋਂ 13ਵਾਂ ਰੈਂਕ, ਜ਼ਿਲ੍ਹੇ 'ਚੋਂ 7ਵਾਂ ਰੈਂਕ ਅਤੇ ਬਲਾਕ ਤਲਵੰਡੀ ਸਾਬੋ ਵਿੱਚੋਂ ਪਹਿਲਾ ਰੈਂਕ ਪ੍ਰਾਪਤ ਕੀਤਾ ਗਿਆ ਸੀ ਜਿਸਦੇ ਚਲਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਵਿਦਿਆਰਥਣ ਨੂੰ ਸਲਾਨਾ ਵਜੀਫਾ ਦਿੱਤਾ ਗਿਆ। ਜਿਹੜਾ ਕਿ ਅੱਜ ਮਾਪਿਆਂ ਨੂੰ ਬੁਲਾ ਕੇ ਦੇ ਦਿੱਤਾ ਗਿਆ ਹੈ। ਜਸ਼ਨਪ੍ਰੀਤ ਕੌਰ ਦੇ ਪਿਤਾ ਸ੍ਰ. ਕੁਲਵਿੰਦਰ ਸਿੰਘ ਨੇ ਚੈੱਕ ਪ੍ਰਾਪਤ ਕਰਨ ਮੌਕੇ ਜਿੱਥੇ ਸਕੂਲ ਪ੍ਰਬੰਧਕਾਂ, ਸਟਾਫ ਦਾ ਧੰਨਵਾਦ ਕੀਤਾ ਉਥੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਪ੍ਰਧਾਨ ਸ਼੍ਰੀਮਤੀ ਜਸਵਿੰਦਰ ਕੌਰ ਸਿੱਧੂ ਅਤੇ ਸਕੱਤਰ ਸ਼੍ਰੀਮਤੀ ਪਰਮਜੀਤ ਕੌਰ ਵਲੋਂ ਜਸ਼ਨਪ੍ਰੀਤ ਕੌਰ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਉਥੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਧੰਨਵਾਦ ਕੀਤਾ ਗਿਆ।

## ਨੌਜਵਾਨ ਯੂਥ ਅਕਾਲੀ ਦਲ ਨਾਲ ਜੁੜਕੇ ਮਾਨ ਮਹਿਸੂਸ ਕਰ ਰਹੇ ਹਨ - ਅਮਨਪ੍ਰੀਤ ਹੈਰੀ

# ਹੈਰੀ ਵੱਲੋਂ ਯੂਥ ਅਕਾਲੀ ਦਲ ਵਿੱਚ 40 ਹਜ਼ਾਰ ਕੀਤੀ ਸੀ ਭਰਤੀ



ਚੌਕ ਮਹਿਤਾ 5ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ ) – ਯੂਥ ਅਕਾਲੀ ਦਲ ਜ਼ਿਲ੍ਹਾਂ ਅੰਮ੍ਰਿਤਸਰ ਵਿੱਚ ਪਿਛਲੇ ਦਿਨੀਂ ਨੌਜਵਾਨ ਆਗੂ ਅਤੇ ਯੂਥ ਅਕਾਲੀ ਦਲ ਦੇ ਕੌਮੀ ਸੀ.ਮੀਤ ਪ੍ਰਧਾਨ ਹਰਜਿੰਦਰ ਸਿੰਘ ਜ਼ਿੰਦਾ ਦੇ ਸਪੁੱਤਰ ਅਮਨਪ੍ਰੀਤ ਸਿੰਘ ਹੈਰੀ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ,ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੱਜਰ ਅਤੇ ਮਾਝੇ ਦੇ ਜਰਨੈਲ ਬਿਕਰਮ ਸਿੰਘ ਮਜੀਠੀਆ ਦੇ ਦਿਸ਼ਾਂ ਨਿਰਦੇਸ਼ਾ ਤਹਿਤ ਸਭ ਤੋਂ ਜ਼ਿਆਦਾ 40 ਹਜ਼ਾਰ ਤੋਂ ਵੱਧ ਯੂਥ ਅਕਾਲੀ ਦਲ ਵਿੱਚ ਨੌਜਵਾਨਾਂ ਦੀ ਭਰਤੀ ਕੀਤੀ ਸੀ ਜਿਸ ਕਾਰਨ ਵੱਡੀ ਸੰਖਿਆ ਵਿੱਚ ਨੌਜਵਾਨ ਅਕਾਲੀ ਦਲ ਨਾਲ ਜੁੜੇ ਸਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਪਸ਼ਟ ਕੀਤਾ ਸੀ ਕਿ ਜਿਸਵੀ ਨੌਜਵਾਨ ਦੀ ਭਰਤੀ ਸਭ ਤੋਂ ਜ਼ਿਆਦਾ ਹੋਵੇਗੀ ਉਸਨੂੰ ਹੀ ਯੂਥ ਅਕਾਲੀ ਦਲ ਬਾਦਲ ਅੰਮ੍ਰਿਤਸਰ ਸ਼ਹਿਰੀ ਦਾ ਪ੍ਰਧਾਨ ਬਣਾਇਆ ਜਾਵੇਗਾ ਪਰ ਅਜੇ ਤੱਕ ਅਕਾਲੀ ਦਲ ਵੱਲੋਂ ਕਿਸੇ ਨੂੰ ਪ੍ਰਧਾਨ ਨਾ ਬਨਾਉਣ ਕਾਰਨ ਯੂਥ ਅਕਾਲੀ ਦਲ ਦੇ ਵਰਕਰ ਇੰਤਜ਼ਾਰ ਕਰ ਰਹੇ ਹਨ ਕੀ ਕਦੋਂ ਜ਼ਿਲ੍ਹੇ ਦਾ ਪ੍ਰਧਾਨ ਐਲਾਨ ਹੋਵੇ ਤੇ ਉਹ ਅਪਣੀਆਂ ਸਰਗਰਮੀਆਂ ਨੂੰ ਤੇਜ਼ ਕਰਨ।ਇਸ ਸੰਬੰਧੀ ਜਦੋਂ ਯੂਥ ਆਗੂ ਅਮਨਪ੍ਰੀਤ ਸਿੰਘ ਹੈਰੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਾਰਟੀ ਵੱਨੋਂ ਬਹੁਤ ਜ਼ਲਦ ਜਿਲ੍ਹਾਂ ਪ੍ਰਧਾਨ ਦਾ ਐਲਾਨ ਕੀਤਾ ਜਾਵੇਗਾ ਉਨ੍ਹਾਂ ਨੌਜਵਾਨਾਂ ਨੂੰ ਅਕਾਲੀ ਦਲ ਨਾਲ ਜੁੜਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਿਰਫ ਅਕਾਲੀ ਦਲ ਹੀ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦੇ ਹੱਕਾਂ ਦੀ ਰਾਖੀ ਕਰ ਸਕਦਾ ਹੈ ਉਨ੍ਹਾ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਸਰਬਜੀਤ ਸਿੰਘ ਝਿੰਜਰ ਦੀ ਯੋਗ ਅਗਵਾਈ ਵਿੱਚ ਅੱਜ ਨੌਜਵਾਨ ਅਕਾਲੀ ਦਲ ਨਾਲ ਜੁੜਕੇ ਮਾਨ ਮਹਿਸੂਸ ਕਰ ਰਹੇ ਹਨ ਉਨ੍ਹਾ ਕਿਹਾ ਕਿ ਪਾਰਟੀ ਵੱਲੋਂ ਅੰਮ੍ਰਿਤਸਰ ਲੋਕ ਸਭਾ ਲਈ ਜਿਹੜਾ ਵੀ ਉਮੀਦਵਾਰ ਦਿੱਤਾ ਜਾਵੇਗਾ ਨੌਜਵਾਨ ਅਤੇ ਯੂਥ ਅਕਾਲੀ ਦਲ ਉਸਦੀ ਜਿੱਤ ਯਕੀਨੀ ਬਨਾਉਣ ਲਈ ਰਾਤ ਦਿਨ ਇਕ ਕਰ ਦੇਣਗੇ।

# ਪਾਣੀ—ਸੀਵਰੇਜ਼ ਦੇ ਵਧੇ ਬਿੱਲ ਹੋਣ ਵਾਪਸ—ਸੀਨੀਅਰ ਸਿਟੀਜਨ ਫੋਰਮ

ਫ਼ਿਰੋਜ਼ਪੁਰ, 5 ਅਪ੍ਰੈਲ (ਮਨੋਹਰ ਲਾਲ) :— ਸੀਨੀਅਰ ਸਿਟੀਜਨ ਫੋਰਮ ਦੀ ਕਾਰਜਕਾਰਨੀ ਦੀ ਹੰਗਾਮੀ ਮੀਟਿੰਗ ਸੀਵਰੇਜ਼ ਅਤੇ ਪਾਣੀ ਦੇ ਬਿੱਲਾਂ ਨੂੰ ਲੈ ਕੇ ਹੋਈ, ਜਿਸ ਵਿਚ ਸਰਵਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਪਾਣੀ ਅਤੇ ਸੀਵਰੇਜ਼ ਦੇ ਬਿੱਲਾਂ ਵਿਚ ਕੀਤਾ ਬੇਲੋੜਾ ਵਾਧਾ ਬਿਨ੍ਹਾਂ ਦੇਰੀ ਵਾਪਸ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਉਕਤ ਕੀਤਾ ਵਾਧਾ ਤੁਰੰਤ ਵਾਪਸ ਲੈਣਾ ਚਾਹੀਦਾ ਹੈ ਤਾਂ ਜ਼ੋ ਪੰਜਾਬ ਵਾਸੀਆਂ ਨੂੰ ਰਾਹਤ ਮਿਲ ਸਕੇ। ਸੁਸਾਇਟੀ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਸੀਵਰੇਜ਼ ਦੇ ਬਿੱਲ 50 ਪ੍ਰਤੀਸ਼ਤ ਮਹੀਨਾ ਤੇ ਵਧਾ ਕੇ 230 ਰੁਪਏ ਪ੍ਰਤੀ ਕਰ ਦਿੱਤੇ ਗਏ ਹਨ, ਸਵੇਰ ਦੇ ਬਿੱਲ ਵਧਾਉਣ ਦਾ ਤੋਹਫਾ ਫ਼ਿਰੋਜ਼ਪੁਰ ਵਾਸੀਆਂ ਨੂੰ ਫ਼ਿਰੋਜ਼ਪੁਰ ਦੀ ਮਿਉਂਸਪਲ ਕਮੇਟੀ ਵੱਲੋਂ ਦਿੱਤਾ ਗਿਆ ਹੈ, ਜਦ ਕਿ ਪੰਜਾਬ ਦੇ ਹੋਰ ਕਿਸੇ ਵੀ ਸ਼ਹਿਰ ਵਿਚ ਇਹ ਬਿੱਲ ਨਹੀਂ ਵਧਾਏ ਗਏ। ਆਗੂਆਂ ਨੇ ਕਿਹਾ ਕਿ ਫ਼ਿਰੋਜ਼ਪੁਰ ਸ਼ਹਿਰ ਇੰਡਸਟਰੀ, ਬਾਰਡਰ ਪੱਖੋਂ ਅਤੇ ਦਰਿਆ ਦੀ ਮਾਰ ਹੇਠ ਹੋਣ ਕਰਕੇ ਬਾਕੀ ਸ਼ਹਿਰਾਂ ਨਾਲੋਂ ਪਛੜਿਆ ਹੋਇਆ ਹੈ, ਇਸ ਪਛੜੇ ਹੋਏ ਸ਼ਹਿਰ ਨੂੰ ਮਿਉਂਸਪਲ ਕਮੇਟੀ ਵੱਲੋਂ ਸੀਵਰੇਜ਼ ਦੇ ਬਿੱਲ 5 ਗੁਣਾ ਵਧਾ ਕੇ ਸ਼ਹਿਰ ਵਾਸੀਆਂ ਨੂੰ ਹੋਰ ਮਾਰਨ ਦਾ ਉਪਰਾਲਾ ਹੈ। ਇਸੇ ਤਰ੍ਹਾਂ ਹੀ ਪੰਜਾਬ ਸਰਕਾਰ ਵੱਲੋਂ ਪਾਣੀ ਦੇ ਬਿੱਲ ਵਧਾਏ ਗਏ ਹਨ, ਲੱਗਦਾ ਹੈ ਕਿ ਇਹ ਬਿੱਲ ਵਧਾਉਣ ਵਾਲੇ ਆਮ ਆਦਮੀ ਨਹੀਂ ਰਹਿ ਗਏ। ਉਨ੍ਹਾਂ ਕਿਹਾ ਕਿ ਸੀਨੀਅਰ ਸਿਟੀਜਨ ਫੋਰਮ ਵੱਲੋਂ ਪੁਰਜ਼ੋਰ ਬੇਨਤੀ ਕੀਤੀ ਜਾਂਦੀ ਹੈ ਕਿ ਬਿੱਲ ਜ਼ੋ 50 ਰੁਪਏ ਤੋਂ ਵਧਾ ਕੇ 230 ਰੁਪਏ ਪ੍ਰਤੀ ਮਹੀਨਾ ਕੀਤੇ ਗਏ ਹਨ, ਬਹੁਤ ਹੀ ਜਿਆਦਾ ਵਾਧਾ ਹੈ, ਇਸ ਨੂੰ ਵੱਧ ਤੋਂ ਵੱਧ 70 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ ਤਾਂ ਜ਼ੋ ਫ਼ਿਰੋਜ਼ਪੁਰ ਵਾਸੀਆਂ ਦਾ ਆਮ ਆਦਮੀ ਸਰਕਾਰ ਤੇ ਭਰੋਸਾ ਬਣਿਆ ਰਹੇ।

### ਭਾਰਤੀ ਕਿਸਾਨ ਯੂਨੀਅਨ ਏਕਤਾ

# ਡਕੌਂਦਾ ਦੀ ਇਕਾਈ ਦੀ ਕੀਤੀ ਚੋਣ



**ਫ਼ਿਰੋਜ਼ਪੁਰ, 5 ਅਪ੍ਰੈਲ (ਮਨੋਹਰ ਲਾਲ) :—** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜ਼ਪੁਰ ਵੱਲੋਂ ਜ਼ਿਲਾ ਪ੍ਰਧਾਨ ਜੰਗੀਰ ਸਿੰਘ ਖਹਿਰਾ ਦੀ ਅਗਵਾਈ ਹੇਠ ਪਿੰਡ ਦੂਲਚੀ ਕੇ ਵਿਖੇ ਪਿੰਡ ਇਕਾਈ ਦੀ ਚੋਣ ਕੀਤੀ ਗਈ। ਇਸ ਮੌਕੇ ਜ਼ਿਲਾ ਪ੍ਰਧਾਨ ਜੰਗੀਰ ਸਿੰਘ ਖਹਿਰਾ ਨੇ ਬੋਲਦਿਆਂ ਪਿੰਡ ਦੇ ਕਿਸਾਨਾਂ ਨੂੰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਬਾਰੇ ਜਾਗਰੂਕ ਕੀਤਾ ਅਤੇ ਪਿਛਲੇ ਦਿਨੀਂ ਜੋ ਪੰਜਾਬ ਸਰਕਾਰ ਦੁਆਰਾ ਨੋਟੀਫਿਕੇਸ਼ਨ 9 ਕਾਰਪੋਰੇਟ ਘਰਾਣਿਆਂ ਨੂੰ ਸੈਲੋ ਲਗਵਾਉਣ ਦੀ ਮਨਜ਼ੂਰੀ ਦਿੱਤੀ ਸੀ, ਉਹ ਨੋਟੀਫਿਕੇਸ਼ਨ ਭਲਾ ਅੱਜ ਕਿਸਾਨ ਯੂਨੀਅਨ ਦੇ ਦਬਾਅ ਹੇਠ ਚਲਦੀਆਂ ਵਾਪਿਸ ਕਰ ਲਿਆ ਹੈ, ਲੇਕਿਨ ਇਹ ਤਲਵਾਰ ਕਿਸਾਨਾਂ ਦੇ ਗਲੇ ਉਪਰ ਹਾਲੇ ਵੀ ਲਟਕਦੀ ਨਜ਼ਰ ਆ ਰਹੀ ਹੈ। ਉਨ੍ਹਾਂ 21 ਮਈ ਨੂੰ ਜਗਰਾਓਂ ਵਿਖੇ ਭਾਜਪਾ ਦੀ ਰੈਲੀ ਨੂੰ ਅਸਫਲ ਕਰਨ ਲਈ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਜਥੇਬੰਦੀ ਦੀਆਂ ਜ਼ਿਲਾ ਫਿਰੋਜ਼ਪੁਰ ਵਿਚ ਪਿਛਲੇ ਸਮੇਂ ਦੌਰਾਨ ਕੀਤਿਆਂ ਹੋਈਆਂ ਪ੍ਰਾਪਤੀਆਂ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਫਿਰੋਜ਼ਪੁਰ ਬਲਾਕ ਪ੍ਰਧਾਨ ਅਮਰੀਕ ਸਿੰਘ ਪੱਲ੍ਹਾ ਮੇਘਾ, ਸੁਖਦੇਵ ਸਿੰਘ ਅੱਛੇ ਵਾਲਾ, ਮੇਜਰ ਸਿੰਘ ਕਮਾਲੇ ਵਾਲਾ, ਮਹਿੰਦਰ ਸਿੰਘ ਕਮਾਲੇ ਵਾਲਾ, ਗੁਰਚਰਨ ਸਿੰਘ ਨਾਜੁਸ਼ਾਹ ਵਾਲਾ, ਮਮਦੋਟ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਹਰਬੰਸ ਸਿੰਘ ਜੋਧਪੁਰ ਵੱਲੋਂ ਪਿੰਡ ਇਕਾਈ ਪ੍ਰਧਾਨ ਇਕਬਾਲ ਸਿੰਘ ਮੀਤ ਪ੍ਰਧਾਨ ਨਾਇਬ ਸਿੰਘ, ਜਨਰਲ ਸਕੱਤਰ ਟਹਿਲ ਸਿੰਘ, ਪ੍ਰੈਸ ਸਕੱਤਰ ਸੁਰਿੰਦਰ ਸਿੰਘ, ਖਜਾਨਚੀ ਸਤਪਾਲ ਸਿੰਘ, ਮੈਂਬਰ ਬਲਕਾਰ ਸਿੰਘ, ਮੇਵਾ ਸਿੰਘ, ਬੂਟਾ ਸਿੰਘ, ਗੁਰਮੀਤ ਸਿੰਘ, ਦਰਸ਼ਨ ਸਿੰਘ, ਲਖਵਿੰਦਰ ਸਿੰਘ, ਮਹਿਲ ਸਿੰਘ, ਤਰਲੋਕ ਸਿੰਘ ਨੂੰ ਜਥੇਬੰਦੀ ਦੇ ਬੈਜ ਲਗਾ ਕੇ ਮਾਨਤਾ ਦਿੱਤੀ ਗਈ।

### ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੇ ਵੱਲਾ ਮੰਡੀ ਦਾ ਦੌਰਾ ਕੀਤਾ ਅਤੇ ਸਮੱਸਿਆਵਾਂ ਦਾ ਸਥਾਈ ਹੱਲ ਕੱਢਣ ਦਾ ਭਰੋਸਾ ਦਿੱਤਾ

# ਕੇਂਦਰੀ ਪੈਕੇਜ 'ਚ ਵੱਲਾ ਮੰਡੀ 'ਤੇ ਵੀ ਹੋਵੇਗਾ ਫੋਕਸ - ਤਰਨਜੀਤ ਸਿੰਘ ਸੰਧੂ



**ਅੰਮ੍ਰਿਤਸਰ, 5 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-** ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਤੇ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਕੇਂਦਰ ਤੋਂ ਅੰਮ੍ਰਿਤਸਰ ਲਈ ਜੋ ਪੈਕੇਜ ਲਿਆਂਦਾ ਜਾਵੇਗਾ, ਉਸ ਵਿੱਚ ਵੱਲਾ ਮੰਡੀ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। 2027 ਤੱਕ ਜਦੋਂ ਗੁਰੂ ਨਗਰੀ ਦਾ 450ਵਾਂ ਸਥਾਪਨਾ ਦਿਵਸ ਮਨਾਇਆ ਜਾਵੇਗਾ ਤਾਂ ਇਸ ਮੰਡੀ ਦੀ ਹਾਲਤ ਪੂਰੀ ਤਰ੍ਹਾਂ ਬਦਲ ਚੁੱਕੀ ਹੋਵੇਗੀ। ਜੇਕਰ ਇੰਦੌਰ ਬਦਲ ਸਕਦਾ ਹੈ ਤਾਂ ਅੰਮ੍ਰਿਤਸਰ ਕਿਉਂ ਨਹੀਂ ? ਤਰਨਜੀਤ ਸਿੰਘ ਸੰਧੂ ਅੱਜ ਇੱਥੇ ਵੱਲਾ ਮੰਡੀ ਦੀ ਫਲ ਅਤੇ ਸਬਜ਼ੀ ਵਪਾਰੀ ਐਸੋਸੀਏਸ਼ਨ ਦੇ ਸੱਦੇ 'ਤੇ ਆਏ ਸਨ, ਯੂਨੀਅਨ ਦੇ ਪ੍ਰਧਾਨ ਚਰਨਜੀਤ ਸਿੰਘ ਬੱਤਰਾ, ਜਨਰਲ ਸਕੱਤਰ ਜਤਿੰਦਰ ਖੁਰਾਣਾ ਨੇ ਮੰਡੀ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਅਤੇ ਮੰਗ ਪੱਤਰ ਸੌਂਪਿਆ। ਸਰਦਾਰ ਸੰਧੂ ਨੇ ਪੈਦਲ ਹੀ ਮੰਡੀ ਦਾ ਦੌਰਾ ਕੀਤਾ ਅਤੇ ਕਮਿਸ਼ਨ ਏਜੰਟਾਂ, ਵਪਾਰੀਆਂ, ਸਬਜ਼ੀ ਅਤੇ ਫਲ ਵਿਕਰੇਤਾਵਾਂ ਅਤੇ ਆਮ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਤੋਂ ਵੱਲਾ ਮੰਡੀ ਅਤੇ ਸਮੱਸਿਆਵਾਂ ਬਾਰੇ ਹੋਰ ਜਾਣਕਾਰੀ ਹਾਸਲ ਕੀਤੀ। ਸਰਦਾਰ ਸੰਧੂ ਹਰ ਪਾਸੇ ਗੰਦਗੀ ਦੇ ਢੇਰ, ਸੜਕਾਂ ਦੀ ਤਰਸਯੋਗ ਹਾਲਤ, ਸ਼ੈੱਡਾਂ ਦੀ ਬਹੁਤ ਮਾੜੀ ਹਾਲਤ ਅਤੇ ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਦੇਖ ਕੇ ਹੈਰਾਨ ਅਤੇ ਪ੍ਰੇਸ਼ਾਨ ਹੋਏ। ਉਨ੍ਹਾਂ ਕਿਹਾ ਕਿ ਬਾਜ਼ਾਰ ਕਿਸੇ ਵੀ ਸ਼ਹਿਰ ਦਾ ਅਹਿਮ ਹਿੱਸਾ ਹੁੰਦਾ ਹੈ। ਫਲ ਅਤੇ ਸਬਜ਼ੀਆਂ ਬਾਜ਼ਾਰ ਵਿੱਚੋਂ ਸ਼ਹਿਰ ਦੇ ਲੋਕਾਂ ਨੂੰ ਜਾਂਦੀਆਂ ਹਨ। ਪਰ ਜਿਸ ਸ਼ਹਿਰ ਦੀ ਮੰਡੀ ਬਿਮਾਰ ਹੋਵੇ, ਉਸ ਸ਼ਹਿਰ ਦੇ ਲੋਕਾਂ ਦੀ ਸਿਹਤ ਦਾ ਕੀ ਬਣੇਗਾ ? ਇਹ ਅੰਦਾਜ਼ਾ ਲਗਾਉਣਾ ਔਖਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇੱਥੋਂ ਦੇ ਚੁਣੇ ਹੋਏ ਜਨ ਨੁਮਾਇੰਦਿਆਂ ਤੋਂ ਸਵਾਲ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕਿਹੜੀ ਜ਼ਿੰਮੇਵਾਰੀ ਨਿਭਾਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੱਥੇ 7 ਸਾਲ ਤਕ ਸੰਸਦ ਮੈਂਬਰ ਨੇ ਕੀ ਕੀਤਾ ? ਉਨ੍ਹਾਂ ਕਿਹਾ ਕਿ ਤੁਸੀਂ ਅਜਿਹੇ ਲੋਕਾਂ ਦੀ ਹਮਾਇਤ ਨਾ ਕਰੋ ਜੋ ਵੋਟਾਂ ਲੈ ਕੇ ਤੁਹਾਡੇ ਕਿਸੇ ਕੰਮ ਦੇ ਨਾ ਹੋਣ। ਇਸ ਵਾਰ ਚੋਣਾਂ ਵਿੱਚ ਸਾਨੂੰ ਸੋਚ ਸਮਝ ਕੇ ਉਸ ਉਮੀਦਵਾਰ ਨੂੰ ਵੋਟ ਪਾਉਣੀ ਚਾਹੀਦੀ ਹੈ ਜੋ ਸਾਡੀਆਂ ਸਮੱਸਿਆਵਾਂ ਨੂੰ ਸਮਝਦਾ ਹੋਵੇ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਸਮਰੱਥ ਹੋਵੇ। ਤਰਨਜੀਤ ਸਿੰਘ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਡੀ ਦੀ ਖਸਤਾ ਹਾਲਤ ਅਤੇ ਗੰਦਗੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸ਼ਹਿਰ ਵਿਚ ਨਾ ਸਿਰਫ਼ ਫਲ ਅਤੇ ਸਬਜ਼ੀਆਂ ਜਾ ਰਹੀਆਂ ਹਨ, ਸਗੋਂ ਇਥੋਂ ਦੀ ਗੰਦਗੀ ਵੀ ਜਾ ਰਹੀ ਹੈ, ਜੇਕਰ ਮੰਡੀ ਵਿੱਚ ਗੰਦਗੀ ਹੈ ਤਾਂ ਸਾਡੀ ਰਸੋਈ ਕਿਵੇਂ ਸਾਫ਼ ਰਹੇਗੀ ? ਉਨ੍ਹਾਂ ਸਾਰਿਆਂ ਨੂੰ ਮਿਲ ਕੇ ਸਫਾਈ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਮੰਡੀ ਦੀ ਮੁਸ਼ਿਕਲ ਸਬੰਧੀ ਰੱਖਿਆ ਵਿਭਾਗ ਨਾਲ ਗੱਲਬਾਤ ਚੱਲ ਰਹੀ ਹੈ। ਚੋਣਾਂ ਤੋਂ ਬਾਅਦ ਇਸ ਦਾ ਸਥਾਈ ਹੱਲ ਲੱਭਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੀ ਇਸ ਸਭ ਤੋਂ ਵੱਡੀ ਮੰਡੀ ਵਿੱਚ ਲੋਕਾਂ ਨੂੰ ਕੋਈ ਸਹੂਲਤ ਨਹੀਂ ਮਿਲ ਰਹੀ। ਚਾਰਦੀਵਾਰੀ ਦੀ ਅਣਹੋਂਦ ਵਿੱਚ ਵੀ ਵਾਹਨ ਚਾਲਕ ਨਿੱਤ ਦਿਨ ਚੋਰੀਆਂ ਅਤੇ ਲੁੱਟਾਂ-ਖੋਹਾਂ ਦਾ ਸ਼ਿਕਾਰ ਹੋ ਰਹੇ ਹਨ। ਜਿਸ ਲਈ ਚੁਣੇ ਹੋਏ ਲੋਕ ਨੁਮਾਇੰਦਿਆਂ ਦੇ ਨਾਲ-ਨਾਲ ਜ਼ਿਲ੍ਹਾ ਪ੍ਰਸ਼ਾਸਨ ਵੀ ਜ਼ਿੰਮੇਵਾਰ ਹੈ। ਉਨ੍ਹਾਂ ਮੰਡੀ ਦੀ ਉਸਾਰੀ ਲਈ ਫੰਡ ਅਤੇ ਕੇਂਦਰੀ ਸਹਾਇਤਾ ਲਿਆਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਵਿਸ਼ੇਸ਼ ਪੈਕੇਜ ਨਾਲ ਸੜਕਾਂ, ਸ਼ੈੱਡਾਂ, ਪਖਾਨਿਆਂ ਆਦਿ ਦੀ ਮੁਰੰਮਤ ਕਰਕੇ ਮੰਡੀ ਨੂੰ ਸੁੰਦਰ ਦਿੱਖ ਦੇਵਾਂਗੇ। ਅਸੀਂ ਵਾਅਦਾ ਕਰਦੇ ਹਾਂ ਕਿ ਸ਼੍ਰੀ ਨਰੇਂਦਰ ਮੋਦੀ ਦੇ 'ਸਬਕਾ ਸਾਥ, ਸਬਕਾ ਵਿਕਾਸ ਅਤੇ ਸਬਕਾ ਵਿਸ਼ਵਾਸ' ਦੇ ਤਹਿਤ, ਅਸੀਂ ਸੋਲਰ ਸਿਸਟਮ, ਕੰਕਰੀਟ ਦੇ ਫਰਸ਼ਾਂ ਅਤੇ ਫਲੱਡ ਲਾਈਟਾਂ ਵਰਗੀਆਂ ਹੋਰ ਸਹੂਲਤਾਂ ਸਮੇਤ ਮਾਰਕੀਟ ਦੀ ਲੋੜ ਅਨੁਸਾਰ ਨਵੀਨੀਕਰਨ ਅਤੇ ਵਿਕਾਸ ਕਰਾਂਗੇ। ਅਸੀਂ ਹਰ ਚੀਜ਼ ਲਈ ਤੁਹਾਡੇ ਨਾਲ ਖੜ੍ਹੇ ਹਾਂ। ਉਨ੍ਹਾਂ ਵਪਾਰੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅੰਮ੍ਰਿਤਸਰ ਦੇ ਵਿਕਾਸ ਲਈ ਭਾਜਪਾ ਦਾ ਸਾਥ ਦੇਣ। ਇਸ 'ਤੇ ਲੋਕਾਂ ਨੇ ਸੰਧੂ ਨੂੰ ਭਰਪੂਰ ਸਮਰਥਨ ਦਿੱਤਾ ਹੈ। ਵਰਨਣਯੋਗ ਹੈ ਕਿ ਅੰਮ੍ਰਿਤਸਰ ਦੀ ਵੱਲਾ ਮੰਡੀ 1975 ਵਿੱਚ ਬਣੀ ਸੀ, ਜੋ ਹੁਣ ਸਥਾਨਕ ਨਗਰ ਨਿਗਮ ਦੀ ਹੱਦ ਵਿੱਚ ਆਉਂਦੀ ਹੈ। ਆਬਾਦੀ ਵਧਣ ਨਾਲ ਇਲਾਕੇ ਦੀਆਂ ਸੜਕਾਂ ਅਤੇ ਸੀਵਰੇਜ ਦੇ ਨਿਰਮਾਣ 'ਤੇ ਵੀ ਅਸਰ ਪੈ ਰਿਹਾ ਹੈ। ਇਸ ਥਾਂ 'ਤੇ ਸਬਜ਼ੀ ਮੰਡੀ ਦੇ ਆਲੇ-ਦੁਆਲੇ ਹਜ਼ਾਰਾਂ ਵਪਾਰੀ ਆਪਣਾ ਕੰਮ ਕਰਦੇ ਹਨ। ਇਹ ਪੰਜਾਬ ਦੀ ਸਭ ਤੋਂ ਵੱਡੀ ਸਬਜ਼ੀ ਮੰਡੀ ਹੈ ਅਤੇ ਇਸ ਦੇ ਨੇੜੇ ਹੀ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਤਿਹਾਸਕ ਗੁਰਦੁਆਰਾ ਹੈ। ਵੱਲਾ ਪਿੰਡ ਬਹੁਤ ਪੁਰਾਣਾ ਹੈ ਅਤੇ ਇਸਦੀ ਆਬਾਦੀ ਵੀ ਵੱਧ ਰਹੀ ਹੈ।



# ਖਾਲਸਾ ਸਕੂਲ ਦੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਾਸਲ ਕੀਤੀਆਂ ਚੰਗੀਆਂ ਪੁਜੀਸ਼ਨਾਂ







ਫ਼ਿਰੋਜ਼ਪੁਰ, 5 ਅਪ੍ਰੈਲ (ਮਨੋਹਰ ਲਾਲ) :— ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਮਹਿਤਾ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਪੰਜਵੀਂ ਜਮਾਤ ਦਾ ਜੋ ਨਤੀਜਾ ਐਲਾਨਿਆ ਗਿਆ, ਉਸ ਵਿਚ ਵਿਦਿਆਰਥੀਆਂ ਨੇ ਚੰਗੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ ਅਤੇ ਸਕੂਲ ਦਾ ਰਿਜਲਟ 100 ਫੀਸਦੀ ਰਿਹਾ, ਜਿਸ ਵਿੱਚ ਪਹਿਲਾ ਸਥਾਨ ਸੁਖਪਿੰਦਰ ਕੌਰ ਨੇ 98.7 ਪ੍ਰਤੀਸ਼ਤ, ਦੂਸਰਾ ਸਥਾਨ ਮੁਸਕਾਨ ਕੌਰ 95.4 ਪ੍ਰਤੀਸ਼ਤ, ਤੀਸਰਾ ਸਥਾਨ ਇਸ਼ਕੀਰਤ ਕੌਰ 94.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਇਹਨਾਂ ਵਿਦਿਆਰਥੀਆਂ ਦੇ ਮਾਤਾ ਪਿਤਾ ਅਤੇ ਸਕੂਲ ਦੇ ਸਮੁੱਚੇ ਸਟਾਫ ਨੇ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਬੱਚਿਆਂ ਦੀ ਹੌਂਸਲਾ ਅਫਜਾਈ ਕੀਤੀ। ਇਸ ਮੌਕੇ ਬੋਲਦਿਆਂ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਕਿਹਾ ਕਿ ਇਹ ਬੱਚੇ ਆਉਣ ਵਾਲੇ ਸਮੇਂ ਦੇ ਵਿੱਚ ਆਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕਰਨਗੇ ਅਤੇ ਕਿਸੇ ਚੰਗੀਆਂ ਮੁਕਾਮ ਤੇ ਪਹੁੰਚਣਗੇ। ਇਸ ਮੌਕੇ ਸਕੂਲ ਦਾ ਮਾਹੌਲ ਖੁਸ਼ੀਆਂ ਭਰਿਆ ਵੇਖਣ ਨੂੰ ਮਿਲਿਆ ਬੱਚਿਆਂ ਨੇ ਮਿਠਿਆਈਆਂ ਨਾਲ ਅਧਿਆਪਕ ਸਾਹਿਬਾਨਾਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਸਨਮਾਨ ਚਿੰਨ ਦਿੱਤੇ ਗਏ। ਇਸ ਮੌਕੇ ਮਾਸਟਰ ਬਲਰਾਜ ਸਿੰਘ, ਮੈਡਮ ਅਨੂਰਾਧਾ, ਮੈਡਮ ਅੰਜੂ ਬਾਲਾ, ਨੇਹਾ, ਗੁਰਵਿੰਦਰ ਸਿੰਘ, ਰਵਿੰਦਰ ਸਿੰਘ, ਇੰਦਰਜੀਤ ਸਿੰਘ ਅਤੇ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਹਾਜ਼ਰ ਸਨ।

# ਨਿਊ ਫਲਾਵਰਜ ਪਬਲਿਕ ਸੀ.ਸੈ. ਸਕੂਲ ਵਿਖੇ ਇੰਨਡੋਰ ਅਤੇ ਆਊਟਡੋਰ ਗੇਮਾਂ ਦਾ ਕੀਤਾ ਉਦਘਾਟਨ :ਹਰਪਾਲ ਸਿੰਘ ਯੂ.ਕੇ



**ਚੌਕ ਮਹਿਤਾ, 5 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨਿਊ ਫਲਾਵਰਜ ਪਬਲਿਕ ਸੀ.ਸੈ. ਸਕੂਲ, ਅੰਮ੍ਰਿਤਸਰ ਵਿਚ ਸਪੈਸ਼ਲ ਸਪੋਰਟਸ ਕਲਾਸਾਂ ਦਾ ਚੇਅਰਮੈਨ ਸ. ਹਰਪਾਲ ਸਿੰਘ ਯੂ.ਕੇ. ਅਤੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਕੁਲਵਿੰਦਰ ਕੌਰ ਜੀ ਅਤੇ ਸਮੂਹ ਸਟਾਫ ਦੀ ਹਾਜਰੀ ਵਿਚ ਉਦਘਾਟਨ ਕੀਤਾ ਗਿਆ। ਜਿਸ ਵਿਚ ਬਹੁਤ ਸਾਰੀਆਂ ਇੰਨਡੋਰ ਗੇਮਜ ਜਿਵੇਂ ਕਿ ਪੂਲ ਐਂਡ ਸਨੂਕਰ, ਟੇਬਲ ਟੈਨਿਸ, ਕੈਰਮ, ਸ਼ਤਰੰਜ, ਲੁੱਡੋ ਅਤੇ ਆਉਟਡੌਰ ਗੇਮਜ ਜਿਵੇਂ ਵਾਲੀਬਾਲ, ਬੈਡਮਿੰਟਨ, ਬਾਸਕਟਬਾਲ, ਕ੍ਰਿਕੇਟ ਆਦਿ ਦੀ ਉਚਿੱਤ ਵਿਵਸਥਾ ਕੀਤੀ ਗਈ। ਇਸ ਵਿਚ ਵਿਦਿਆਰਥੀਆਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਬਹੁਤ ਸਾਰੀਆਂ ਸ਼ਰੀਰਕ ਖੇਡਾਂ ਜਿਵੇਂ ਕਿ ਕਰਾਟੇ, ਬਾਕਸਿੰਗ, ਸਕੇਟਿੰਗ, ਖੋ-ਖੋ, ਰੱਸਾ-ਕੱਸ਼ੀ ਆਦਿ ਵੀ ਸ਼ਾਮਿਲ ਕੀਤੀਆ ਗਈਆ। ਜਿਸ ਨਾਲ ਬੱਚਿਆਂ ਦਾ ਮਾਨਸਿਕ ਅਤੇ ਸ਼ਰੀਰਕ ਵਿਕਾਸ ਵਿਚ ਵਾਧਾ ਹੋਵੇਗਾ। ਕਿਉਂਕਿ ਅੱਜ ਕੱਲ ਦੇ ਦੌਰ ਵਿਚ ਬੱਚੇ ਮੌਬਾਇਲਾਂ ਦੇ ਹੱਥ ਵਸ ਪੈ ਗਏ ਹਨ। ਖੇਡਾਂ ਜਿਹੜੀਆ ਹਨ ਉਹ ਅੱਜ ਕੱਲ ਦੇ ਸਮੇਂ ਦੀਆਂ ਮੁੱਖ ਲੋੜਾਂ ਹਨ। ਇਹ ਖੇਡ ਕਲਾਸਾਂ ਬੱਚਿਆਂ ਦੀ ਇਸ ਲੋੜ ਨੂੰ ਪੂਰਾ ਕਰਦੀਆਂ ਹਨ। ਕਿਉਂਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਬੱਚਿਆਂ ਸ਼ਰੀਰਕ ਅਤੇ ਮਾਨਸਿਕ ਵਿਕਾਸ ਹੋਵੇ। ਖੇਡਾਂ ਦੇ ਨਾਲ ਬੱਚਿਆਂ ਦੀ ਦਿਮਾਗ ਸ਼ਕਤੀ ਵਧਦੀ ਹੈ। ਖੇਡਾਂ ਦੇ ਨਾਲ ਬੱਚਿਆਂ ਦਾ ਦਿਮਾਗ ਚੁਸਤ ਰਹਿੰਦਾ ਹੈ ਵਧੀਆਂ ਆਚਰਣ ਦੇ ਗੁਣ ਪੈਦਾ ਹੁੰਦੇ ਹਨ ਸਹਿਨਸ਼ਕਤੀ ਦਾ ਵਿਕਾਸ ਹੁੰਦਾ ਹੈ। ਇਸ ਲਈ ਬੱਚਿਆਂ ਦੇ ਵਿਕਾਸ ਨੂੰ ਮੁੱਖ ਰੱਖਦੇ ਹੋਏ ਚੇਅਰਮੈਨ ਸ. ਹਰਪਾਲ ਸਿੰਘ ਯੂ.ਕੇ. ਅਤੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਕੁਲਵਿੰਦਰ ਕੌਰ, ਮੈਡਮ ਤਾਨੀਆ ਭਾਟੀਆ, ਮੈਡਮ ਸੋਨਿਕਾ ਗੋਇਲ, ਮੈਡਮ ਕਵਲਪ੍ਰੀਤ, ਮੈਡਮ ਰਵਿੰਦਰ ਕੌਰ, ਮੈਡਮ ਸਵਿਤਾ ਸ਼ਰਮਾ, ਮੈਡਮ ਸਤਿੰਦਰ ਕੌਰ, ਗੁਰਮੇਜ ਸਿੰਘ ਆਦਿ ਨੇ ਬਹੁਤ ਹੀ ਵਧੀਆ ਅਤੇ ਸ਼ਲਾਂਘਾਯੋਗ ਕਦਮ ਚੁਕਿਆ ਹੈ। ਨਿਊ ਫਲਾਵਰਜ ਪਬਲਿਕ ਸੀ.ਸੈ. ਸਕੂਲ, ਅੰਮ੍ਰਿਤਸਰ ਨੇ ਇਸ ਇਲਾਕੇ ਵਿਚ ਇਹ ਵਿਵਸਥਾ ਦੀ ਪਹਿਲ ਕੀਤੀ ਹੈ ਜੋ ਕਿ ਇਹ ਸ਼ਲਾਂਘਾਯੋਗ ਕਦਮ ਹੈ। ਜਿਸ ਨਾਲ ਬੱਚੇ ਅਤੇ ਉਹਨਾਂ ਦੇ ਮਾਪੇ ਬਹੁਤ ਖੁਸ਼ ਹਨ। ਹਰਪਾਲ ਸਿੰਘ ਯੂ.ਕੇ. ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਦਾ ਉਚਿਤ ਵਿਕਾਸ ਕਰਨ ਦੇ ਲਈ ਨਿਊ ਫਲਾਵਰਜ ਪਬਲਿਕ ਸੀ.ਸੈ. ਸਕੂਲ ਦੇ ਵਿਚ ਦਾਖਲਾ ਕਰਵਾਉ ਅਤੇ ਇਸ ਵਿਵਸਥਾ ਦਾ ਉਚਿਤ ਲਾਭ ਉਠਾਓ।

# ਵਿਸਾਖੀ ਮੌਕੇ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਜਾਣਗੇ ਸੁਚਾਰੂ ਪ੍ਰਬੰਧ: ਰਾਜਪਾਲ ਸਿੰਘ ਸ਼ੇਖੋਂ

**ਸ੍ਰੀ ਅਨੰਦਪੁਰ ਸਾਹਿਬ, 5 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਰਾਜਪਾਲ ਸਿੰਘ ਸੇਖੋ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਵਿਸਾਖੀ ਦੇ ਤਿਉਹਾਰ ਮੌਕੇ 12 ਤੋ 14 ਅਪ੍ਰੈਲ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੇ ਵਿਭਾਗਾ ਨਾਲ ਸਬੰਧਿਤ ਸੁਚਾਰੂ ਪ੍ਰਬੰਧ ਕਰਨ ਦੀ ਨਿਰਦੇਸ਼ ਦਿੱਤੇ ਹਨ। ਐਸ.ਡੀ.ਐਮ ਨੇ ਕਿਹਾ ਹੈ ਕਿ ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਤਿਉਹਾਰ 12 ਤੋਂ 14 ਅਪ੍ਰੈਲ ਤੱਕ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਧਾਰਮਿਕ ਅਸਥਾਨਾ ਦੇ ਦਰਸ਼ਨਾ ਲਈ ਆਉਦੇ ਹਨ। ਇਸ ਲਈ ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ 12 ਤੋਂ 14 ਅਪ੍ਰੈਲ ਤੱਕ ਸਬੰਧਤ ਵਿਭਾਗਾਂ ਵੱਲੋਂ ਲੋੜੀਂਦੇ ਪ੍ਰਬੰਧ ਸਮੇਂ ਸਿਰ ਕੀਤੇ ਜਾਣ। ਉਨ੍ਹਾਂ ਨੇ ਪੁਲਿਸ ਵਿਭਾਗ ਨੂੰ ਕਿਹਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਉਕਤ ਸਮੇਂ ਦੌਰਾਨ ਲੋੜੀਂਦੇ ਸੁਰੱਖਿਆ, ਟ੍ਰੈਫਿਕ ਅਤੇ ਪਾਰਕਿੰਗ ਪ੍ਰਬੰਧ ਕਰਵਾਏ ਜਾਣ। ਉਨ੍ਹਾਂ ਨੇ ਨਗਰ ਕੋਂਸਲ ਨੂੰ ਹਦਾਇਤ ਕੀਤੀ ਹੈ ਕਿ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਸ੍ਰੀ ਅਨੰਦਪੁਰ ਸਾਹਿਬ ਤੇ ਕਾਰਜ ਸਾਧਕ ਅਫਸਰ ਨਗਰ ਪੰਚਾਇਤ ਕੀਰਤਪੁਰ ਸਾਹਿਬ ਨੂੰ ਉਕਤ ਸਮੇਂ ਦੌਰਾਨ ਹਰ ਪੱਖੋਂ ਲੋੜੀਂਦੀ ਸਫ਼ਾਈ, ਪਾਣੀ ਦਾ ਛਿੜਕਾਓ ਕਰਵਾਇਆ ਜਾਵੇ ਤੇ ਸ਼ਹਿਰ ਦੀ ਮੁਕੰਮਲ ਸਫਾਈ ਤੇ ਸਟਰੀਟ ਲਾਈਟਾ ਵੀ ਚਾਲੂ ਰੱਖੀਆਂ ਜਾਣ। ਉਨ੍ਹਾਂ ਨੇ ਜਲ ਸਪਲਾਈ ਵਿਭਾਗ ਨੂੰ ਕਿਹਾ ਹੈ ਕਿ ਪੀਣ ਵਾਲੇ ਪਾਣੀ ਦੀ ਸਪਲਾਈ ਨਿਰਵਿਘਨ ਚਾਲੂ ਰੱਖੀ ਜਾਵੇ ਤੇ ਪੱਕੇ ਲਵਾਟਰੀ ਬਲਾਕਾ ਨੂੰ ਚਾਲੂ ਕੀਤਾ ਜਾਵੇ।

### ਵਰਕਰਾਂ 'ਚ ਭਾਰੀ ਉਤਸ਼ਾਹ, ਹਜ਼ਾਰਾਂ ਮੋਟਰਸਾਈਕਲ ਤੇ ਟਰੈਕਟਰ ਹੋਣਗੇ ਸ਼ਾਮਲ

# ਅੱਜ ਜਗਰਾਉਂ 'ਚ 'ਪੰਜਾਬ ਬਚਾਓ ਯਾਤਰਾ' ਦਾ ਹੋਵੇਗਾ ਥਾਂ-ਥਾਂ ਭਰਵਾਂ ਸਵਾਗਤ : ਕਲੇਰ



**ਜਗਰਾਉਂ, (ਵਰਿਆਮ ਹਠੂਰ)**-ਅੱਜ ਜਗਰਾਉਂ ਆ ਰਹੀ 'ਪੰਜਾਬ ਬਚਾਓ ਯਾਤਰਾ' ਦਾ ਥਾਂ-ਥਾਂ ਭਰਵਾਂ ਸਵਾਗਤ ਹੋਵੇਗਾ, ਯਾਤਰਾ ਨੂੰ ਕਾਮਯਾਬ ਬਣਾਉਣ ਲਈ ਹਲਕਾ ਇੰਚਾਰਜ ਐਸ. ਆਰ. ਕਲੇਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਵੱਲੋਂ ਲਗਾਤਾਰ ਵੱਖ-ਵੱਖ ਮੀਟਿੰਗਾਂ ਅਤੇ ਵਾਰਡਾਂ 'ਚ ਮੀਟਿੰਗ ਕੀਤੀਆਂ ਅਤੇ ਵਰਕਰਾਂ ਨੂੰ ਲਾਮਬੰਦ ਕੀਤਾ, ਅਨਾਰਕਲੀ ਬਾਜ਼ਾਰ ਸੀਨੀਅਰ ਅਕਾਲੀ ਆਗੂ ਦੀਪਇੰਦਰ ਸਿੰਘ ਭੰਡਾਰੀ ਦੀ ਦੁਕਾਨ 'ਤੇ ਹੋਈ ਮੀਟਿੰਗ 'ਚ ਹਲਕਾ ਇੰਚਾਰਜ ਐਸ. ਆਰ. ਕਲੇਰ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਵਰਕਰਾਂ ਨਾਲ ਵਿਚਾਰਾਂ ਕੀਤੀਆਂ, ਇਸ ਮੌਕੇ ਕਲੇਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੱਢੀ ਜਾ ਰਹੀ 'ਪੰਜਾਬ ਬਚਾਓ ਯਾਤਰਾ' ਸਬੰਧੀ ਹਲਕੇ ਦੇ ਹੀ ਨਹੀਂ, ਬਲਕਿ ਪੰਜਾਬ ਦੇ ਲੋਕਾਂ ਵਿਚ ਵੀ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਅਤੇ ਸਾਰੇ ਹੀ ਸੂਬਾ ਵਾਸੀ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਹਨ, ਉਨ੍ਹਾਂ ਦੱਸਿਆ ਕਿ ਪੰਜਾਬ ਬਚਾਓ ਯਾਤਰਾ ਅੱਜ 6 ਅਪ੍ਰੈਲ ਨੂੰ ਜਗਰਾਉਂ ਦੇ ਲਾਗਲੇ ਪਿੰਡ ਮਾਣੂੰਕੇ ਪਹੁੰਚੇਗੀ, ਫਿਰ ਡੱਲਾ, ਕਾਉਂਕੇ ਤੇ ਨਾਨਕਸਰ ਹੁੰਦੀ ਹੋਈ ਜਗਰਾਉਂ ਪਹੁੰਚੇਗੀ, ਪੰਜਾਬ ਬਚਾਓ ਯਾਤਰਾ ਸਬੰਧੀ ਸ਼ਹਿਰ ਹੀ ਨਹੀਂ, ਪਿੰਡਾਂ ਦੇ ਲੋਕਾਂ 'ਚ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਅਤੇ ਸੂਬੇ ਭਰ ਵਿਚ ਭਰਵਾਂ ਹੁੰਗਾਰਾ ਮਿਲ ਰਿਹਾ, ਉਨ੍ਹਾਂ ਕਿਹਾ ਕਿ ਯਾਤਰਾ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨੇ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਅਤੇ ਜਗਰਾਉਂ ਪਹੁੰਚਣ 'ਤੇ ਇਸ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ, ਉਨ੍ਹਾਂ ਆਖਿਆ ਕਿ ਆਪ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਦੀ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਵਿਗੜ ਚੁੱਕੀ ਹੈ, ਹਰ ਪਾਸੇ ਨਸ਼ੇ ਦਾ ਬੋਲਬਾਲਾ, ਗੈਂਗਵਾਰ ਅਤੇ ਭ੍ਰਿਸ਼ਟਾਚਾਰ ਨੇ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ ਹਨ ਤੇ ਝੂਠੇ ਵਾਅਦਿਆਂ ਨੂੰ ਪੰਜਾਬ ਵਾਸੀ ਭਲੀਭਾਂਤ ਸਮਝ ਚੁੱਕੇ ਹਨ, ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਦਾ ਇਸ ਤੋਂ ਮੋਹ ਭੰਗ ਹੋ ਚੁੱਕਾ ਹੈ ਅਤੇ ਲੋਕ ਬੀਤੇ ਸਮੇਂ ਦੌਰਾਨ ਅਕਾਲੀ ਦਲ ਸਰਕਾਰ ਦੇ ਕਾਰਜਕਾਲ ਦੇ ਸਮੇਂ ਪੰਜਾਬ ਦੇ ਵਿਕਾਸ ਅਤੇ ਬਾਕੀ ਕੰਮਾਂ ਨੂੰ ਯਾਦ ਕਰਦੇ ਹੋਏ ਮੁੜ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਦੇਖਣਾ ਚਾਹੁੰਦੇ ਹੋਏ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਲਈ ਪੱਬਾਂ ਭਾਰ ਹਨ, ਇਸ ਮੌਕੇ ਦੀਪਇੰਦਰ ਸਿੰਘ ਭੰਡਾਰੀ, ਹਰਦੇਵ ਸਿੰਘ ਬੌਬੀ, ਦਵਿੰਦਰਜੀਤ ਸਿੰਘ ਸਿੱਧੂ, ਪ੍ਰੀਤਮ ਸਿੰਘ ਚਾਵਲਾ, ਗਗਨਦੀਪ ਸਿੰਘ ਵਾਹੀਆ, ਗੁਰਮੀਤ ਸਿੰਘ ਸਰਨਾ, ਮੰਨੂ ਤਨੇਜਾ, ਰਿੰਕੂ ਮੱਕੜ ਤੋਂ ਇਲਾਵਾ ਅਨੇਕਾਂ ਦੁਕਾਨਦਾਰ ਹਾਜ਼ਰ ਸਨ।

### ਭਾਜਪਾ ਵਰਕਰਾਂ ਨੇ 'ਇਸ ਵਾਰ 400 ਪਾਰ' ਦੇ ਨਾਅਰਿਆਂ ਨਾਲ ਸ. ਸੰਧੂ ਦੇ ਹੱਕ 'ਚ ਚੋਣ ਬਿਗਲ ਵਜਾਇਆ

# ਤਰਨਜੀਤ ਸਿੰਘ ਸੰਧੂ ਜਿੱਤ ਦਰਜ ਕਰਕੇ ਗੁਰੂਨਗਰੀ ਦੇ ਵਿਕਾਸ ਦੀ ਬਿਰਤਾਂਤ ਲਿਖਣਗੇ - ਰੋਮੀ ਚੋਪੜਾ



**ਅੰਮ੍ਰਿਤਸਰ, 5 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਲੋਕ ਸਭਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਤੇ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਦੀ ਚੋਣ ਮੁਹਿੰਮ ਲਈ ਭਾਜਪਾ ਵਰਕਰਾਂ ਨੇ ਵੀ ਬਿਗਲ ਵਜਾ ਦਿਤਾ ਹੈ। ਬੀਤੇ ਦਿਨ ਕਟੜਾ ਭਾਈ ਸੰਤ ਸਿੰਘ ਮੰਡਲ ਪ੍ਰਧਾਨ ਰੋਮੀ ਚੋਪੜਾ ਦੀ ਪ੍ਰਧਾਨਗੀ ਹੇਠ ਬੂਥ ਪੱਧਰੀ ਮੀਟਿੰਗ ਦੌਰਾਨ ਸ. ਤਰਨਜੀਤ ਸਿੰਘ ਸੰਧੂ ਨੂੰ ਭਾਰੀ ਵੋਟ ਨਾਲ ਜਿਤਾਉਣ ਦਾ ਪ੍ਰਣ ਕੀਤਾ ਗਿਆ। ਇਸ ਸੰਬਧੀ ਹੋਈ ਇਕ ਮੀਟਿੰਗ ਵਿਚ ਜ਼ਿਲ੍ਹਾ ਪ੍ਰਧਾਨ ਸ. ਹਰਵਿੰਦਰ ਸੰਧੂ, ਪਰਮਿੰਦਰ ਸਿੰਘ ਸੰਧੂ ਅਤੇ ਰਮਨੀਕ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਸਾਰੇ ਬੂਥ ਇੰਚਾਰਜਾਂ ਅਤੇ ਸਹਿ-ਇੰਚਾਰਜਾਂ ਨੇ ਭਾਗ ਲਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਵਿੰਦਰ ਸੰਧੂ ਨੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਬਾਰੇ ਲੋਕਾਂ ਨਾਲ ਚਰਚਾ ਕਰਨ ਤਾਂ ਜੋ ਲੋਕ ਵਿਰੋਧੀ ਪਾਰਟੀਆਂ ਵੱਲੋਂ ਫੈਲਾਏ ਜਾ ਰਹੇ ਭੰਬਲਭੂਸੇ ਵਿੱਚ ਨਾ ਫਸਣ। ਰੋਮੀ ਚੋਪੜਾ ਨੇ ਆਏ ਹੋਏ ਪਤਵੰਤਿਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਕਟੜਾ ਭਾਈ ਸੰਧੂ ਨੂੰ ਸੰਤ ਸਿੰਘ ਮੰਡ ਤੋਂ ਭਾਰੀ ਜਿੱਤ ਦਿਵਾ ਕੇ ਲੋਕ ਸਭਾ ਵਿਚ ਭੇਜਣਗੇ। ਸ੍ਰੀ ਚੋਪੜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਅੰਮ੍ਰਿਤਸਰ ਲੋਕ ਸਭਾ ਦੀ ਚਿੰਤਾ ਕਰਦੇ ਹੋਏ ਅੰਮ੍ਰਿਤਸਰ ਦੇ ਬਹੁਤ ਹੀ ਪੜ੍ਹੇ-ਲਿਖੇ ਅਤੇ ਨੇਕਨਾਮ ਪੁੱਤਰ ਤਰਨਜੀਤ ਸਿੰਘ ਸੰਧੂ ਨੂੰ ਉਮੀਦਵਾਰ ਬਣਾ ਕੇ ਭੇਜਿਆ ਹੈ। ਉਨ੍ਹਾਂ ਕਿਹਾ ਕਿ ਸੰਧੂ ਵਿਕਾਸ ਪੱਖੀ ਸੋਚ ਦੇ ਨਾਲ ਅੰਮ੍ਰਿਤਸਰ ਦਾ ਸਰਬਪੱਖੀ ਵਿਕਾਸ ਕਰਵਾਉਣ ਦੇ ਸਮਰੱਥ ਹਨ ਉਨ੍ਹਾਂ ਕਿਹਾ ਕਿ ਸੰਧੂ ਦਾ ਉਦੇਸ਼ ਅੰਮ੍ਰਿਤਸਰ ਲੋਕ ਸਭਾ ਹਲਕੇ ਨੂੰ ਵਿਸ਼ਵ ਦੇ ਨਕਸ਼ੇ 'ਤੇ ਚਮਕਾਉਣਾ ਹੈ ਉਨ੍ਹਾਂ ਕਿਹਾ ਕਿ ਭਾਜਪਾ ਨੂੰ ਵਾਪਸ ਲਿਆਉਣਾ ਹੈ। ਪੰਜਾਬ ਅਤੇ ਅੰਮ੍ਰਿਤਸਰ ਦੇ ਵਿਕਾਸ ਲਈ ਕੇਂਦਰ ਨੂੰ ਸੌਂਪਣਗੇ, ਜਿਸ ਲਈ ਪੰਜਾਬ ਦੇ ਲੋਕ ਇਸ ਵਾਰ ਤਿਆਰੀਆਂ ਕਰ ਚੁੱਕੇ ਹਨ ਕਿ ਇਸ ਵਾਰ ਉਹ ਵਿਕਾਸ ਦਾ ਸੁਨੇਹਾ ਅਤੇ ਪ੍ਰਧਾਨ ਮੰਤਰੀ ਮੋਦੀ ਦੀਆਂ ਸਕੀਮਾਂ ਨੂੰ ਆਪੋ-ਆਪਣੇ ਖੇਤਰਾਂ ਵਿੱਚ ਹਰ ਘਰ ਤੱਕ ਪਹੁੰਚਾਉਣਗੇ ਅਤੇ ਕਰਨਗੇ। ਭਾਜਪਾ ਦੇ ਹੱਕ ਵਿੱਚ ਵੋਟ ਪਾਉਣ ਲਈ ਲੋਕਾਂ ਦਾ ਸਮਰਥਨ ਮੰਗਿਆ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿੱਚ ਵਪਾਰ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਵੋਟ ਪਾਉਣੀ ਚਾਹੀਦੀ ਹੈ ਅਤੇ ਸੰਧੂ ਨੂੰ ਬਹੁਮਤ ਨਾਲ ਜਿਤਾ ਕੇ ਪੰਜਾਬ ਜਾਂ ਅੰਮ੍ਰਿਤਸਰ 400 ਨੂੰ ਪਾਰ ਕਰਨ ਦੇ ਮੋਦੀ ਦੇ ਮਿਸ਼ਨ ਵਿੱਚ ਯੋਗਦਾਨ ਪਾਉਣਗੇ ਅਤੇ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾ ਕੇ ਵਿਕਾਸ ਕਾਰਜਾਂ 'ਤੇ ਮੋਹਰ ਲਾਉਣਗੇ।

ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਸੰਜੇ ਸ਼ਰਮਾ, ਮੰਡਲ ਜਨਰਲ ਸਕੱਤਰ ਰਮਨ ਕਪੂਰ, ਅਸ਼ੋਕ ਸੋਨੀ, ਇੰਦਰਪਾਲ ਆਰੀਆ, ਓਬੀਸੀ ਮੋਰਚਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਵਿਸ਼ਾਲ ਆਰੀਆ, ਵਿੱਕੀ ਮਹਿਰਾ, ਭਜਨ ਲਾਲ ਵਧਵਾ, ਸੰਜੇ ਖੰਨਾ, ਭਾਜਪਾ ਸਕੱਤਰ ਰਜਤ ਚੋਪੜਾ, ਪ੍ਰੇਮ ਸ਼ਰਮਾ, ਪ੍ਰਦੀਪ ਵਰਮਾ, ਡਾ. ਅਨਿਲ ਖੰਨਾ, ਸੋਨੂੰ ਬਾਦਲ, ਅਸ਼ੋਕ ਉੱਪਲ, ਕਰਨ ਵੈਸ਼, ਅਜੈ ਸਿਆਲ, ਵਰਿੰਦਰ ਕਾਬਲੀ, ਪ੍ਰਮੋਦ ਭੋਲਾ, ਸੰਜੀਵ ਬਿੱਟੂ, ਵਿਕਰਮ ਸੇਠ, ਰਾਕੇਸ਼ ਮੰਨਾ, ਦੀਪਕ ਸ਼ਰਮਾ, ਅਜੈ ਯੋਗਾ, ਮਨਜੀਤ ਚੰਡੋਕ, ਹਰੀਸ਼ ਕੁਮਾਰ, ਨਰੇਸ਼ ਸ਼ਰਮਾ, ਆਸ਼ੀਸ਼ ਮਹਿਤਾ, ਯਤਿਨ ਮਹਿਰਾ ਆਦਿ ਹਾਜ਼ਰ ਸਨ।


ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


# ਸ਼ਹੀਦ ਬਾਬਾ ਸੁੱਧਾ ਸਿੰਘ ਅਕੈਡਮੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਦੋ ਸਾਲ ਦਾ ਗੁਰਮਤਿ ਕੋਰਸ ਕਰਵਾਇਆ ਜਾਂਦਾ ਹੈ : ਭਾਈ ਹਰਦੇਵ ਸਿੰਘ



**ਜੰਡਿਆਲਾ ਗੁਰੂ, 5 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ)**-ਅੱਜ ਦੇ ਯੁੱਗ ਦੇ ਅੰਦਰ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਕੂਲੀ ਪੜ੍ਹਾਈ ਦੇ ਨਾਲ ਨਾਲ ਗੁਰਮਤਿ ਦੀਆਂ ਕਲਾਸਾਂ ਵਿੱਚ ਵੀ ਦਾਖਲ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਬੱਚੇ ਭੈੜੀਆਂ ਅਲਾਮਤਾਂ ਤੋਂ ਬਚੇ ਰਹਿਣ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਸ਼ਹੀਦ ਬਾਬਾ ਸੁੱਧਾ ਸਿੰਘ ਜੀ ਗੁਰਮਤਿ ਅਕੈਡਮੀ ਦਕੋਹਾ ਰਜਿ: ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੇ ਸੰਚਾਲਕ ਭਾਈ ਹਰਦੇਵ ਸਿੰਘ ਜੀ ਨੇ ਅੱਗੇ ਕਿਹਾ ਕਿ ਸਾਡੇ ਛੋਟੇ ਜਿਹੇ ਉਪਰਾਲੇ ਸਦਕਾ ਸ਼ਹੀਦ ਬਾਬਾ ਸੁੱਧਾ ਸਿੰਘ ਜੀ ਅਕੈਡਮੀ ਵਿਖੇ ਹਰ ਰੋਜ਼ ਸ਼ਾਮ 4 ਵਜ਼ੇ ਤੋਂ ਲੈਕੇ 6 ਵਜ਼ੇ ਤੱਕ ਬੱਚਿਆਂ ਦੀਆਂ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਸਿੱਖ ਇਤਿਹਾਸ,ਰਹਿਤ ਮਰਿਯਾਦਾ, ਨੈਤਿਕ ਕਦਰਾਂ ਕੀਮਤਾਂ, ਗੁਰਮਤਿ ਸੰਗੀਤ,ਤਬਲਾ, ਲੈਕਚਰ, ਕਵਿਤਾ, ਕਵੀਸ਼ਰੀ,ਗਤਕੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਸਮੇਂ ਸਮੇਂ ਤੇ ਬੱਚਿਆਂ ਦਾ ਗੁਰਮਤਿ ਸੈਮੀਨਾਰ ਵੀ ਕਰਵਾਇਆ ਜਾਂਦਾ ਹੈ ਜਿਸ ਵਿਚ ਪਹਿਲੇ ਦੂਜੇ ਤੀਜਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਅਤੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਬੱਚਿਆਂ ਨੂੰ ਦੋ ਸਾਲ ਦਾ ਕੋਰਸ ਵੀ ਕਰਵਾਇਆ ਜਾਂਦਾ ਹੈ ਅਤੇ ਮਹੀਨੇ ਵਿੱਚ ਇੱਕ ਵਾਰ ਧਾਰਮਿਕ ਫਿਲਮ ਵੀ ਦਿਖਾਈ ਜਾਂਦੀ ਹੈ ਜਿਸ ਫਿਲਮ ਨੂੰ ਦੇਖ ਕੇ ਬੱਚੇ ਗੁਰ ਇਤਿਹਾਸ ਤੋਂ ਜਾਣੂੰ ਹੁੰਦੇ ਹਨ ਅੱਗੇ ਭਾਈ ਹਰਦੇਵ ਸਿੰਘ ਜੀ ਨੇ ਕਿਹਾ ਕਿ ਗੁਰਮਤਿ ਦੀ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੌਜਵਾਨਾਂ ਨੂੰ ਸਿੱਖੀ ਸਰਦਾਰੀ ਨੂੰ ਸੰਭਾਲਣ ਲਈ ਸਿਰ ਤੇ ਦੁਮਾਲਾ ਅਤੇ ਦਸਤਾਰ ਪੱਗ ਸਜਾਉਣ ਦੀ ਵੀ ਸਿਖਲਾਈ ਦਿੱਤੀ ਜਾਂਦੀ ਹੈ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੇ ਬੱਚਿਆਂ ਨੂੰ ਗੁਰਮਤਿ ਦੇ ਧਾਰਨੀ ਬਣਾਉਣ ਲਈ ਇਸ ਅਕੈਡਮੀ ਵਿੱਚ ਜਰੂਰ ਦਾਖਲ ਕਰਵਾਉਣ।

# ਖ਼ਾਲਿਸਤਾਨੀ ਜੁਝਾਰੂ-ਜਰਨੈਲ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਉਰਫ਼ ਬਾਬਾ ਨੰਦ ਦੀ ਯਾਦ 'ਚ ਸਮਾਗਮ 9 ਨੂੰ : ਫ਼ੈਡਰੇਸ਼ਨ ਭਿੰਡਰਾਂਵਾਲਾ



**ਅੰਮ੍ਰਿਤਸਰ, 5 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਹਥਿਆਰਬੰਦ ਸਿੱਖ ਸੰਘਰਸ਼ 'ਚ ਸ਼ਹਾਦਤ ਦਾ ਜਾਮ ਪੀਣ ਵਾਲੇ ਖ਼ਾਲਿਸਤਾਨ ਲਿਬਰੇਸ਼ਨ ਆਰਗੇਨਾਈਜੇਸ਼ਨ ਦੇ ਮੁਖੀ ਅਤੇ ਖ਼ਾਲਿਸਤਾਨ ਆਰਮਡ ਫ਼ੋਰਸ ਦੇ ਲੈਫ਼ਟੀਨੈਂਟ ਜਨਰਲ ਅਮਰ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਤੁਗਲਵਾਲਾ ਉਰਫ਼ ਬਾਬਾ ਨੰਦ ਅਤੇ ਸਾਥੀ ਸ਼ਹੀਦ ਸਿੰਘਾਂ ਦੀ ਯਾਦ 'ਚ ਮਹਾਨ ਸ਼ਹੀਦੀ ਸਮਾਗਮ 9 ਅਪ੍ਰੈਲ 2024 ਨੂੰ ਗੁ. ਸੁੱਚੇਆਣਾ ਸਾਹਿਬ, ਪਿੰਡ ਤੁਗਲਵਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਸ਼ਹੀਦ ਭਾਈ ਪਰਮਜੀਤ ਸਿੰਘ ਤੁਗਲਵਾਲਾ ਦੀ ਸਿੰਘਣੀ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੇ ਸਮੂਹ ਸੰਪਰਦਾਵਾਂ ਅਤੇ ਪੰਥਕ ਜਥੇਬੰਦੀਆਂ ਦੇ ਆਗੂ ਸਾਹਿਬਾਨਾਂ ਤੇ ਸਿੱਖ ਸੰਗਤਾਂ ਨੂੰ ਪਹੁੰਚਣ ਦੀ ਅਪੀਲ ਕੀਤੀ। ਉਹਨਾਂ ਦੱਸਿਆ ਕਿ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਤੋਂ ਬਾਅਦ ਰਾਗੀ, ਢਾਡੀ ਤੇ ਕਵੀਸ਼ਰ ਹਰ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ, ਫਿਰ ਪੰਥਕ ਜਥੇਬੰਦੀਆਂ ਦੇ ਆਗੂ ਸਿੱਖ ਸੰਘਰਸ਼ ਬਾਰੇ ਵਿਚਾਰਾਂ ਦੀ ਸਾਂਝ ਕਰਨਗੇ ਤੇ ਸਮਾਗਮ 'ਚ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਜਾਏਗਾ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ 7 ਅਪ੍ਰੈਲ 1991 ਨੂੰ ਜਦੋਂ ਭਾਈ ਪਰਮਜੀਤ ਸਿੰਘ ਪੰਮਾ ਤੇ ਉਹਨਾਂ ਦੀ ਸਿੰਘਣੀ ਬੀਬੀ ਕੁਲਵਿੰਦਰ ਕੌਰ ਦੋਵੇਂ ਹੀ ਪਠਾਨਕੋਟ ਤੋਂ ਸਵੇਰੇ ਪੰਜ ਵਜੇ ਦੀ ਰੇਲ ਗੱਡੀ 'ਚ ਸਵਾਰ ਹੋ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆ ਰਹੇ ਸਨ ਤਾਂ ਜਿਵੇਂ ਹੀ ਇਹ ਟਰੇਨ ਗੁਰਦਾਸਪੁਰ ਦੇ ਰੇਲਵੇ ਸਟੇਸ਼ਨ 'ਤੇ ਪਹੁੰਚੀ ਤਾਂ ਅੱਗੋਂ ਪੰਜਾਬ ਪੁਲੀਸ ਤੇ ਪੈਰਾ ਮਿਲਟਰੀ ਫੋਰਸਾਂ ਨੇ ਪੂਰੀ ਤਰ੍ਹਾਂ ਨਾਲ ਚੁਫੇਰਿਉਂ ਘੇਰਾ ਪਾਇਆ ਹੋਇਆ ਸੀ ਤੇ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਤਲਾਸ਼ੀ ਦੌਰਾਨ ਸੁਰੱਖਿਆ ਫੋਰਸਾਂ ਨੇ ਭਾਈ ਸਾਹਿਬ ਨੂੰ ਦੋ ਵਾਰ ਹਿਲਾਇਆ, ਪਰ ਆਪ ਜੀ ਜਾਗਦੇ ਹੋਣ ਦੇ ਬਾਵਜੂਦ ਵੀ ਸੌਣ ਦਾ ਡਰਾਮਾ ਕਰ ਰਹੇ ਸਨ।

ਇੱਕ ਵਾਰ ਤਾਂ ਪੈਰਾ ਮਿਲਟਰੀ ਫੋਰਸਾਂ ਉਸ ਡੱਬੇ 'ਚੋਂ ਹੇਠਾਂ ਵੀ ਉੱਤਰ ਗਈਆਂ ਸਨ, ਪਰ ਮੁਖਬਰ ਦੀ ਸ਼ਾਇਦ ਪੱਕੀ ਸੂਹ ਸੀ। ਫਿਰ ਦੁਬਾਰਾ ਤੋਂ ਸੁਰੱਖਿਆ ਫੋਰਸਾਂ ਨੇ ਭਾਈ ਸਾਹਿਬ ਨੂੰ ਹਿਲਾਇਆ। ਹੁਣ ਇਸ ਵਾਰ ਪਰਮਜੀਤ ਸਿੰਘ ਆਪਣੀ ਪਿਸਟਲ ਉਹਨਾਂ ਵੱਲ ਤਾਣ ਕੇ ਉੱਠੇ ਤੇ ਚੋਰ ਅੱਖ ਨਾਲ ਆਪਣੀ ਸਿੰਘਣੀ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਬੜੀ ਫੁਰਤੀ ਦੇ ਨਾਲ ਹੇਠਾਂ ਉੱਤਰ ਕੇ ਗੋਲੀਆਂ ਚਲਾਈਆਂ ਤੇ ਦੌੜਨ ਦੀ ਕੋਸ਼ਿਸ਼ ਵੀ ਕੀਤੀ। ਇੱਕ ਗੋਲੀ ਸੁਰੱਖਿਆ ਕਰਮੀ ਨੂੰ ਵੀ ਲੱਗੀ, ਪਰ ਚਾਰੇ ਪਾਸਿਆ ਤੋਂ ਘੇਰਾ ਪਿਆ ਹੋਣ ਕਾਰਨ ਸੁਰੱਖਿਆ ਬਲਾਂ ਨੇ ਭਾਈ ਸਾਹਿਬ ਨੂੰ ਘੇਰ ਕੇ ਗ੍ਰਿਫਤਾਰ ਕਰ ਲਿਆ ਤੇ ਬਟਾਲਾ ਦੇ ਇਟੈਰੋਗੇਸ਼ਨ ਸੈਂਟਰ ਬੀਕੋ ਚ ਲੈ ਗਏ। ਅਖੀਰ 10 ਅਪ੍ਰੈਲ 1991 ਦੀਆਂ ਅਖਬਾਰਾਂ ਦੀ ਖ਼ਬਰ ਸੀ ਕੇ. ਐਲ. ਓ. ਦੇ ਮੁਖੀ ਪਰਮਜੀਤ ਸਿੰਘ ਪੰਮਾ ਉਰਫ਼ ਬਾਬਾ ਨੰਦ ਪੁਲੀਸ ਨਾਲ ਹੋਈ ਮੁੱਠਭੇੜ ਵਿੱਚ ਹਲਾਕ। ਉਹਨਾਂ ਕਿਹਾ ਕਿ ਇਹਨਾਂ ਸ਼ਹਾਦਤਾਂ ਨੂੰ ਯਾਦ ਰੱਖਣਾ ਤੇ ਉਹਨਾਂ ਸ਼ਹੀਦਾਂ ਦੇ ਕੌਮੀ ਨਿਸ਼ਾਨੇ ਲਈ ਸੰਘਰਸ਼ਸ਼ੀਲ ਹੋਣਾ ਸੱਚੀ ਸ਼ਰਧਾਂਜਲੀ ਹੋਵੇਗੀ।

ਚਰਖੜੀਆਂ 'ਤੇ ਚਾੜ੍ਹਕੇ ਸ਼ਹੀਦ ਕੀਤੇ

# ਪਿਉ-ਪੁੱਤਰ-ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ

ਸਿੱਖ ਧਰਮ 'ਚ ਸ਼ਹੀਦੀ ਦਾ ਮੁੱਢ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1606 ਈ: ਨੂੰ ਲਾਹੌਰ ਵਿਚ ਬੰਨਿਆ ਸੀ । ਤਦੇ ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ । ਪੰਚਮ ਪਾਤਸ਼ਾਹ ਜੀ ਤੋਂ ਬਾਅਦ ਲਾਹੌਰ ਵਿਚ ਸਿੱਖਾਂ ਦੀਆਂ ਹੋਈਆਂ

-ਬਾਬਾ ਬੁੱਢਾ ਵੰਸ਼ਜ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ-ਛੇਹਰਟਾ
9988066466

ਸ਼ਹੀਦੀਆਂ ਦੀ ਲਿੱਸਟ ਬਹੁਤ ਲੰਮੀ ਹੈ ।ਸਮੇਂ ਦੀ ਜਾਲਮ ਜਕਰੀਆ ਖਾਨ ਸਰਕਾਰ ਵਲੋਂ ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਵਿਚ ਕੇਸਾਂ ਸਣੇ ਖੋਪੜੀ ਲਾਹ ਕੇ ਸ਼ਹੀਦ ਕੀਤਾ ਗਿਆ ਸੀ ।ਲਾਹੌਰ ਵਿਚ ਹੀ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ ।ਇਸੇ ਲਾਹੌਰ ਵਿਚ ਹੀ ਭਾਈ ਸੁਬੇਗ ਸਿੰਘ ਅਤੇ ਉਨ੍ਹਾਂ ਦੇ 18 ਸਾਲ ਦੇ ਨੌਜਵਾਨ ਬੇਟੇ ਭਾਈ ਸ਼ਾਹਬਾਜ ਸਿੰਘ ਨੂੰ ਸਮੇਂ ਦੀ ਹਕੂਮਤ ਨੇ 1745 ਈ: 'ਚ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਸੀ ।ਭਾਈ ਸੁਬੇਗ ਸਿੰਘ ਇਲਾਕਾ ਲਾਹੌਰ ਦੇ ਪਿੰਡ ਜੰਬਰ ਦੇ ਰਹਿਣ ਵਾਲੇ ਸਨ ।ਫਾਰਸੀ ਦੇ ਵਿਦਵਾਨ ਪੁਰਸ਼ ਹੋਣ ਕਰਕੇ ਆਪ ਜੀ ਨੂੰ ਖਾਨ ਬਹਾਦਰ ਜਕਰੀਆ ਖਾਨ ਦੇ ਦਰਬਾਰ ਵਿੱਚ ਨੌਕਰੀ ਮਿਲੀ ਹੋਈ ਸੀ ।ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਆਪ ਕੁਝ ਚਿਰ ਲਾਹੌਰ ਦੇ ਕੋਤਵਾਲ ਭੀ ਰਹੇ, ਜਿਸ ਸਮੇਂ ਆਪ ਨੇ ਕਈ ਸ਼ਹੀਦਗੰਜ ਅਤੇ ਗੁਰਦੁਆਰਾ ਵੀ ਬਣਵਾਏ ਸਨ ।ਲੋਕ ਭਲਾਈ ਦੇ ਕਾਰਜ ਕਰਨ ਕਰਕੇ ਕੱਟੜਪੰਥੀ ਮੁਸਲਮਾਨ ਆਪ ਨਾਲ ਖਾਰ ਖਾਂਦੇ ਸਨ ।ਲਾਹੌਰ ਦਰਬਾਰ ਦੇ ਸੂਬੇਦਾਰ ਜਕਰੀਆ ਖਾਨ ਨੇ ਮੁੱਗਲੀਆ ਹਕੂਮਤ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਦਿਲੀ ਵਿਚ ਚਿੱਠੀ ਭੇਜ ਕੇ ਇਸ ਮੱਤੇ ਦੀ ਮਨਜੂਰੀ ਲੈ ਲਈ ਸੀ ਕਿ ਸਿੱਖ ਕੌਮ ਨਾਲ ਸੁਲਾਅ-ਸਫਾਈ ਕਰ ਲਈ ਜਾਵੇ ਤਾਂ ਕਿ ਅਮਨ ਚੈਨ ਨਾਲ ਹਿੰਦੁਸਤਾਨ ਤੇ ਰਾਜ ਕੀਤਾ ਜਾ ਸਕੇ ।ਜਕਰੀਆ ਖਾਨ ਨੇ 29 ਮਾਰਚ 1733 ਈ: 'ਚ ਭਾਈ ਸੁਬੇਗ ਸਿੰਘ ਨੂੰ ਆਪਣਾ ਖਾਸ ਨੁਮਾਇੰਦਾ (ਵਕੀਲ) ਬਣਾ ਕੇ ਸਿੱਖ ਪੰਥ ਦੇ ਜਥੇਦਾਰ ਨੂੰ 'ਨਵਾਬੀ ਦਾ ਖਿਤਾਬ' ਅਤੇ ਵੱਡੀਆਂ ਜਗੀਰਾਂ ਨਾਲ ਨਿਵਾਜਣ ਲਈ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਭੇਜਿਆ ਸੀ ।ਭਾਈ ਸੁਬੇਗ ਸਿੰਘ ਜੀ ਵਲੋਂ ਲਿਜਾਇਆ ਗਿਆ 'ਨਵਾਬੀ ਦਾ ਖਿਤਾਬ' ਪੰਥਕ ਇਕੱਠ ਵਲੋਂ ਸੰਗਤ ਅਤੇ ਘੋੜਿਆਂ ਦੀ ਸੇਵਾ ਕਰਨ ਵਾਲੇ ਸਰਦਾਰ ਕਪੂਰ ਸਿੰਘ ਫੈਜਲਪੁਰੀਆ ਨੂੰ ਦਿੱਤਾ ਗਿਆ ਸੀ ।ਸਿੱਖ ਇਤਿਹਾਸ ਵਿੱਚ ਭਾਈ ਸੁਬੇਗ ਸਿੰਘ ਨੂੰ "ਵਕੀਲ" ਪੱਦ ਨਾਲ ਵੀ ਯਾਦ ਕੀਤਾ ਜਾਂਦਾ ਹੈ। ਸਮੇਂ ਦੇ ਕਰਵਟ ਬਦਲਣ ਨਾਲ ਭਾਈ ਸੁਬੇਗ ਸਿੰਘ ਦੇ 18 ਸਾਲ ਦੇ ਨੌਜਵਾਨ ਗਭਰੂ ਪੁੱਤਰ ਭਾਈ ਸ਼ਾਹਬਾਜ ਸਿੰਘ ਨੇ ਮਦਰੱਸੇ ਪੜਦੇ ਸਮੇਂ ਮੌਲਵੀ ਨੂੰ ਧਰਮਾਂ ਦੀ ਚਰਚਾ ਕਰਦੇ ਸਮੇਂ ਸਿੱਖ ਧਰਮ ਦੀ ਸੱਚੀ ਮਰਿਆਦਾ ਤੋਂ ਜਾਣੂ ਕਰਵਾਇਆ ਤਾਂ ਚਰਚਾ 'ਚੋ ਹਾਰੇ ਹੋਏ ਮੌਲਵੀ ਨੇ ਭਾਈ ਸ਼ਾਹਬਾਜ ਸਿੰਘ ਨੂੰ ਇਸਲਾਮ ਦੀ ਤੌਹੀਨ ਕਰਨ ਦੀਆਂ ਝੂਠੀਆਂ ਤੋਹਮਤਾਂ ਲਾਕੇ ਕੈਦ ਕਰਵਾ ਦਿੱਤਾ ।ਥੋੜ੍ਹੇ ਸਮੇਂ ਬਾਅਦ ਆਪ ਦੇ ਪਿਤਾ ਭਾਈ ਸੁਬੇਗ ਸਿੰਘ ਨੂੰ ਵੀ ਬਿਨਾ ਕੋਈ ਕਸੂਰ ਕੀਤੇ ਕੈਦ ਕਰ ਲਿਆ ਗਿਆ ਅਤੇ ਦੋਵਾਂ ਨੂੰ ਇਸਲਾਮ ਧਰਮ ਕਬੂਲ ਕਰਨ ਜਾਂ ਮੌਤ ਲਈ ਤਿਆਰ ਹੋਣ ਦਾ ਫੁਰਮਾਨ ਸੁਣਾਇਆ ।



ਪਿਓ ਪੁੱਤਰ ਨੇ ਇਸਲਾਮ ਧਰਮ ਕਬੂਲ ਕਰਨ ਨਾਲੋਂ ਮੌਤ ਨੂੰ ਗਲੇ ਲਗਾਉਣ ਨੂੰ ਪਹਿਲ ਦਿੱਤੀ ।ਭਾਈ ਸੁਬੇਗ ਸਿੰਘ ਨੇ ਨਜ਼ਦੀਕੀਆਂ ਵਲੋਂ ਪੁੱਤਰ ਨੂੰ ਬਚਾਉਣ ਲਈ ਜੋ ਜੁਆਬ ਦਿੱਤਾ ਓਸ ਦਾ ਭਾਈ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ 'ਪੰਥ ਪ੍ਰਕਾਸ਼' ਗ੍ਰੰਥ 'ਚ ਬਹੁਤ ਸੋਹਣਾ ਜਿਕਰ ਕੀਤਾ ਹੈ: "ਸਿਖਨ ਕਾਜ ਸੁ ਗੁਰੂ ਸਵਾਰੇ, ਸੀਸ ਦੀਓ ਨਿਜ ਸੈਣ ਪ੍ਰਵਾਰੇ । ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੈ ਕੌਣ ਬਡਾਈ ।" ਕਾਜੀ ਵਲੋਂ ਸੁਣਾਏ ਹੁਕਮ ਅਨੁਸਾਰ ਦੋਵਾਂ ਪਿਉ-ਪੁੱਤਰਾਂ ਨੂੰ ਜਾਲਮਾਂ ਨੇ ਬਹੁਤ ਹੀ ਤਿੱਖੇ ਦੰਦਿਆਂ ਵਾਲੀਆਂ ਚਰਖੜੀਆਂ 'ਤੇ ਚਾੜ੍ਹ ਕੇ ਕਈ ਵਾਰ ਘੁਮਾਇਆ ਗਿਆ ਤਾਂ ਪਿਉ-ਪੁੱਤਰ ਜਰਾ ਜਿੰਨਾ ਵੀ ਨਹੀਂ ਡੋਲੇ ।ਆਪ ਦੋਵੇਂ ਨਿਰਭੈ ਜੋਧੇ ਅਕਾਲ ਅਕਾਲ ਦੇ ਜੈਕਾਰਿਆਂ ਛੱਡਦੇ ਅਤੇ ਵਾਹਿਗੁਰੂ ਦੇ ਸਿਮਰਨ ਕਰਦੇ ਰਹੇ । "ਚਰਖੜੀ ਚਾੜ੍ਹ ਫਿਰ ਬਹੁਤ ਘੁਮਾਇਆ ।ਵਾਹਿਗੁਰੂ ਤਿਨ ਨਾਹਿ ਭੁਲਾਇਆ ।" ਇਸ ਤਰ੍ਹਾਂ 279 ਸਾਲ ਪਹਿਲਾਂ 1745 ਈ: ਨੂੰ ਲਾਹੌਰ ਵਿਖੇ ਪਿਉ-ਪੁੱਤਰ ਨੂੰ ਚਰਖੜੀਆਂ 'ਤੇ ਚਾੜ੍ਹਕੇ ਬੇ-ਰਹਿਮੀ ਨਾਲ ਸ਼ਹੀਦ ਕੀਤਾ ਗਿਆ ਸੀ । ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ ਸਿੰਘ ਦੀ ਲਾਸ਼ਾਨੀ ਸ਼ਹੀਦੀ ਨੂੰ ਰੋਜਾਨਾ ਸਿੱਖ ਅਰਦਾਸ ਵਿੱਚ ਵੀ "ਚਰਖੜੀਆਂ 'ਤੇ ਚੜ੍ਹੇ" ਦੇ ਸਤਿਕਾਰਤ ਸਬਦਾਂ ਰਾਹੀਂ ਯਾਦ ਕੀਤਾ ਜਾਂਦਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV



ਮਸੀਹ ਭਾਈਚਾਰਾ ਅਤੇ ਮਹੰਤ ਨਵਜੀਤ ਵੱਲੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਸਮਰਥਨ

# ਭਾਈਚਾਰਕ ਸਾਂਝ ਦੀ ਮਜ਼ਬੂਤੀ ਨਾਲ ਹੀ ਅੱਗੇ ਵਧਿਆ ਜਾ ਸਕਦਾ ਹੈ -ਤਰਨਜੀਤ ਸਿੰਘ ਸੰਧੂ



**ਅੰਮ੍ਰਿਤਸਰ, 5 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-** ਅੰਮ੍ਰਿਤਸਰ ਲੋਕ ਸਭਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਤੇ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਦੀ ਚੋਣ ਮੁਹਿੰਮ ਨੂੰ ਭਾਰੀ ਹੁੰਗਾਰਾ ਮਿਲ ਰਿਹਾ ਹੈ। ਅੱਜ ਮਸੀਹ ਭਾਈਚਾਰਾ ਅਤੇ ਮਹੰਤ ਨਵਜੀਤ ਵੱਲੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਸਮਰਥਨ ਦਿੱਤਾ ਗਿਆ। ਅੱਜ ਅਜਨਾਲਾ ਹਲਕੇ ਤੋਂ ਆਲ ਇੰਡੀਆ ਕ੍ਰਿਸਚੀਅਨ ਭਾਈਚਾਰੇ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸਮੁੰਦਰੀ ਹਾਊਸ ਵਿਖੇ ਸ. ਸੰਧੂ ਨਾਲ ਮੁਲਾਕਾਤ ਕੀਤੀ ਅਤੇ ਅਗਾਮੀ ਲੋਕ ਸਭਾ ਚੋਣਾਂ ਵਿੱਚ ਡਟ ਕੇ ਸਮਰਥਨ ਦੇਣ ਦਾ ਭਰੋਸਾ ਦਿੱਤਾ। ਇਸੇ ਤਰਾਂ ਸ਼੍ਰੀ ਵਿਸ਼ਵਾਨਾਥ ਮੰਦਿਰ ਭਗਤਾਂ ਵਾਲਾ ਤੋਂ ਮਹੰਤ ਨਵਜੀਤ ਜੀ ਉਪਾਸਕ ਮਾਂ ਬਗਲਾ ਮੁਖੀ ਜੋ ਕਿ ਕਈ ਸਾਲਾਂ ਤੋਂ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਗਊਆਂ ਦੀ ਸੇਵਾ ਕਰ ਰਹੇ ਹਨ ਨੇ ਸੁਨੀਤਾ ਦੇਵੀ ਜੀ ਅਤੇ ਅਸ਼ਵਨੀ ਕੁਮਾਰ ਜੀ ਨਾਲ ਸ. ਸੰਧੂ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਆਪਣੀਆਂ ਅਸੀਸਾਂ ਨਾਲ ਨਿਵਾਜਿਆ। ਸ. ਤਰਨਜੀਤ ਸਿੰਘ ਸੰਧੂ ਨੇ ਸਮਰਥਨ 'ਚ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਪੂਰਾ ਉੱਤਰਨ ਦੀ ਹਰ ਮੁਮਕਿਨ ਕੋਸ਼ਿਸ਼ ਕਰੇਗਾ। ਸ. ਸੰਧੂ ਨੇ ਕਿਹਾ ਕਿ ਵਿਕਾਸ ਅਤੇ ਸ਼ਾਂਤੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਨਾਲ ਹੀ ਅੱਗੇ ਵਧਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਭ ਕਾ ਸਾਥ ਸਭ ਕਾ ਵਿਕਾਸ ਅਤੇ ਸਭ ਕਾ ਵਿਸ਼ਵਾਸ 'ਤੇ ਯਕੀਨ ਕਰਨ ਵਾਲੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿਕਾਸ ਦੇ ਇਕ ਨਵੇਂ ਦੌਰ 'ਚ ਦਾਖਲ ਹੋ ਚੁੱਕਿਆ ਹੈ ਜਿਸ ਵਿਚ ਸਾਰੇ ਭਾਈਚਾਰਿਆਂ ਦਾ ਯੋਗਦਾਨ ਹੈ। ਇਸ ਮੌਕੇ ਸੁਖਵਿੰਦਰ ਮਸੀਹ ਥੋਬਾ ਪ੍ਰਧਾਨ, ਜੈਮਸ ਮਸੀਹ, ਸੁਨੀਲ ਅਜਨਾਲਾ, ਰਾਜੂ ਸਿੰਘ ਅਜਨਾਲਾ, ਡੇਵਿਡ ਮਸੀਹ, ਬਲਰਾਜ ਸਿੰਘ ਅਲਗੋਕੋਠੀ, ਜਗਤਾਰ ਸਿੰਘ ਰਾਜਾ, ਹਰਭੇਜ ਸਿੰਘ ਅਤੇ ਅਵਤਾਰ ਸਿੰਘ ਵੀ ਮੌਜੂਦ ਸਨ।

ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਦੀ ਜਿੱਤ ਯਕੀਨੀ ਬਣਾਉਣ ਲਈ ਭਾਜਪਾ ਵਰਕਰਾਂ ਨੇ ਕੀਤੇ ਕਮਰਕੱਸੇ

# ਤਰਨਜੀਤ ਸਿੰਘ ਸੰਧੂ ਹੀ ਅੰਮ੍ਰਿਤਸਰ ਦੀ ਲੋਕ ਸਭਾ ਵਿਚ ਢੁਕਵੀਂ ਨੁਮਾਇੰਦਗੀ ਦੇ ਯੋਗ - ਬਲਦੇਵ ਰਾਜ ਬੱਗਾ



**ਅੰਮ੍ਰਿਤਸਰ, 5 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-** ਭਾਜਪਾ ਵਰਕਰਾਂ ਨੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਸਾਬਕਾ ਰਾਜਦੂਤ ਸ. ਤਰਨਜੀਤ ਸਿੰਘ ਸੰਧੂ ਦੀ ਜਿੱਤ ਯਕੀਨੀ ਬਣਾਉਣ ਲਈ ਕਮਰਕੱਸੇ ਕਰ ਲਏ ਹਨ। ਅੱਜ ਵਾਰਡ ਨੰਬਰ 61 ਦੇ ਭਾਜਪਾ ਆਗੂ ਬਲਦੇਵ ਰਾਜ ਬੱਗਾ ਅਤੇ ਵਿਜੈ ਮਹਾਜਨ ਨੇ ਕਿਹਾ ਕਿ ਤਰਨਜੀਤ ਸਿੰਘ ਸੰਧੂ ਹੀ ਅੰਮ੍ਰਿਤਸਰ ਅਤੇ ਪੰਜਾਬ ਦੀ ਲੋਕ ਸਭਾ ਵਿਚ ਢੁਕਵੀਂ ਨੁਮਾਇੰਦਗੀ ਕਰਨ ਦੇ ਯੋਗ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਪਿਛਲੇ 7 ਸਾਲਾਂ ਤੋਂ ਅੰਮ੍ਰਿਤਸਰ ਦੀ ਨੁਮਾਇੰਦਗੀ ਕੀਤੀ ਹੈ ਉਨ੍ਹਾਂ ਨੇ ਸ਼ਹਿਰ ਦਾ ਕੋਈ ਵਿਕਾਸ ਨਹੀਂ ਕਰਾਇਆ। ਇਸ ਵਾਰ ਗੁਰੂ ਨਗਰੀ ਦੇ ਲੋਕ ਸ. ਤਰਨਜੀਤ ਸਿੰਘ ਸੰਧੂ ਨੂੰ ਜਿਤਾ ਕੇ ਭਾਜਪਾ ਨੂੰ ਮੌਕਾ ਦੇਣਗੇ। ਉਨ੍ਹਾਂ ਕਿਹਾ ਕਿ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਗੁਰੂ ਨਗਰੀ ਦੇ ਵਿਕਾਸ ਅਤੇ ਲੋਕਾਂ ਦੀ ਖ਼ੁਸ਼ਹਾਲੀ ਦੇ ਏਜੰਡੇ ਨੂੰ ਲੈ ਕੇ ਚੋਣ ਮੈਦਾਨ ਵਿਚ ਸ੍ਰੀ ਨਰਿੰਦਰ ਮੋਦੀ ਵੱਲੋਂ ਉਤਾਰੇ ਗਏ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੀ ਸਰਵਪੱਖੀ ਤਰੱਕੀ ਲਈ ਇਸ ਵਾਰ ਤਰਨਜੀਤ ਸਿੰਘ ਸੰਧੂ ਨੂੰ ਲੋਕ ਸਭਾ ਵਿਚ ਭੇਜਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਸੰਧੂ ਸਰਵਪੱਖੀ ਵਿਕਾਸ ਲਈ ਕ੍ਰਾਂਤੀਕਾਰੀ ਤਬਦੀਲੀ ਲਿਆ ਸਕਦਾ। ਜੇਕਰ ਅਸੀਂ ਅੰਮ੍ਰਿਤਸਰ ਨੂੰ ਕਿਸੇ ਮੁਕਾਮ ਤੇ ਲੈ ਕੇ ਜਾਣਾ ਚਾਹੁੰਦੇ ਹਾਂ ਤਾਂ ਤਰਨਜੀਤ ਸਿੰਘ ਸੰਧੂ ਨੂੰ ਚੁਣੋ। ਅੰਮ੍ਰਿਤਸਰ ਲਈ ਇਹਨਾਂ ਨੂੰ ਕਾਮਯਾਬ ਬਣਾ ਕੇ ਸਾਂਸਦ ਵਜੋਂ ਦਿੱਲੀ ਭੇਜਿਆ ਜਾਵੇਗਾ ਤਾਂ ਜੋ ਇਹ ਅੰਮ੍ਰਿਤਸਰ ਲਈ ਸਮਰਪਿਤ ਹੋਕੇ ਕੰਮ ਕਰ ਸਕਣ ਅਤੇ ਅੰਮ੍ਰਿਤਸਰ ਵਿੱਚ ਵਿਸ਼ਵ ਪੱਧਰੀ ਤਰੱਕੀ ਦੀ ਨਵੀਂ ਇਬਾਰਤ ਲਿਖੀ ਜਾ ਸਕੇ। ਉਨ੍ਹਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਨੇ ਭਾਰਤੀ ਵਿਦੇਸ਼ ਸੇਵਾ ਦੌਰਾਨ ਉੱਚ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਸੇਵਾ ਦੇ ਨਾਲ-ਨਾਲ ਆਪਣੇ ਸ਼ਹਿਰ ਅੰਮ੍ਰਿਤਸਰ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਕੋਲ ਅੰਮ੍ਰਿਤਸਰ ਨੂੰ ਤਰੱਕੀ ਪੱਖੋਂ ਬੇਹੱਦ ਅੱਗੇ ਲਿਜਾਣ ਲਈ ਦੂਰ ਅੰਦੇਸ਼ੀ ਸੋਚ, ਇੱਕ ਪੂਰਾ ਰੋਡਮੈਪ, ਇੱਕ ਬਿਹਤਰੀਨ ਵਿਜ਼ਨ ਹੈ। ਜੋ ਆਪਣੇ ਚੰਗੇ ਸੰਬੰਧਾਂ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਅਤੇ ਅਮਰੀਕਾ, ਕੈਨੇਡਾ, ਜਰਮਨੀ ਤੋਂ ਵੱਡੇ ਨਿਵੇਸ਼, ਪ੍ਰੋਜੈਕਟਾਂ ਨੂੰ ਅੰਮ੍ਰਿਤਸਰ ਲਿਆ ਸਕਦੇ ਹਨ। ਇਸ ਮੌਕੇ ਰਾਜੇਸ਼ ਮਹਾਜਨ, ਰਾਜੀਵ ਮਹਾਜਨ, ਰਕੇਸ਼ ਧੁੰਨਾ, ਹਰਿੰਦਰ ਸਿੰਘ, ਸੰਜੀਵ ਮਹਾਜਨ, ਸੁਰੇਸ਼ ਮਹਾਜਨ, ਸੁਭਾਸ਼ ਮਹਾਜਨ, ਬੱਬੀ ਭਾਟੀਆ, ਨਰਿੰਦਰ ਸਿੰਘ ਮਜੀਠਾ ਅਤੇ ਹਰਿੰਦਰ ਸਿੰਘ ਵੀ ਮੌਜੂਦ ਸਨ।

# ਅਸੀਂ ਜ਼ੁਲਮੀ ਹਿੰਦ ਸਰਕਾਰ ਤੋਂ ਡਰਨ ਵਾਲੇ ਨਹੀਂ : ਭਾਈ ਭੁਪਿੰਦਰ ਸਿੰਘ



**ਅੰਮ੍ਰਿਤਸਰ, 5 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-**ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਕਿ ਦੁਸ਼ਮਣਾਂ ਵੱਲੋਂ ਕੀਤੀਆਂ ਕਾਰਵਾਈਆਂ ਸਾਨੂੰ ਇਹ ਸੋਚਣ ਲਈ ਕਹਿੰਦੀਆਂ ਹਨ ਕਿ ਸਤੱਰਕ ਰਹੋ ਪਰ ਸਾਨੂੰ ਡਰਾ ਨਹੀਂ ਸਕਦੀਆਂ। ਸਿੱਖਾਂ ਨੂੰ ਆਪਣਾ ਇਤਿਹਾਸ ਅਤੇ ਆਪਣੇ ਤੇ ਹੋਏ ਅਣਮਨੁੱਖੀ ਤਸ਼ੱਦਦ ਭਲੀ ਭਾਂਤ ਯਾਦ ਹਨ। ਕਿ ਕਿਵੇਂ ਮੁਗਲਾਂ ਨੇ ਛੋਟੇ ਛੋਟੇ ਬੱਚਿਆਂ ਦੇ ਟੋਟੇ ਕਰਕੇ ਮਾਵਾਂ ਦੇ ਗਲਾਂ ਵਿੱਚ ਪਾਏ। ਕਿਵੇਂ ਸਿੱਖਾਂ ਨੂੰ ਉਬਲ ਦੀਆਂ ਦੇਗਾਂ ਵਿੱਚ ਪਾਇਆ ਗਿਆ ਇਹ ਸਭ ਅਸੀਂ ਰੋਜ਼ ਅਰਦਾਸ ਵਿੱਚ ਬੋਲਦੇ ਸੁਣਦੇ ਤੇ ਪੜਦੇ ਹਾਂ। ਕਿਵੇਂ ਭਾਰਤ ਦੀ ਜ਼ਾਲਮ ਸਰਕਾਰ ਨੇ 1947 ਤੋਂ ਬਾਅਦ ਸਿੱਖਾਂ ਤੇ ਤਸ਼ੱਦਦ ਕੀਤਾ ਕਿਵੇਂ ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਜਿਉਂਦੇ ਸਿੱਖਾਂ ਨੂੰ ਅੱਗਾਂ ਲਾਈਆਂ ਭੈਣਾਂ ਭਰਾਵਾਂ, ਪਿਉ ਧੀ, ਮਾਂ ਪੁੱਤ ਨੂੰ ਥਾਣਿਆਂ ਵਿੱਚ ਇੱਕ ਦੂਜੇ ਸਾਹਮਣੇ ਨੰਗਾ ਕੀਤਾ। ਸਾਡੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕੀਤੀਆਂ ਸਾਡੇ ਗੁਰੂ ਧਾਮਾਂ ਦੇ ਟੈਂਕਾਂ ਅਤੇ ਤੋਪਾਂ ਨਾਲ ਹਮਲੇ ਕੀਤੇ ਕਿਵੇਂ ਸਾਡੇ ਇਤਿਹਾਸਿਕ ਗੁਰਦੁਆਰੇ ਢਾਏ ਗਏ ਅਤੇ ਕਬਜ਼ੇ ਕੀਤੇ ਗਏ। ਸਾਨੂੰ ਸਭ ਕੁਝ ਯਾਦ ਹੈ ਇਹਨਾਂ ਕਤਲਾਂ ਨਾਲ ਤੁਸੀਂ ਸਾਨੂੰ ਡਰਾ ਨਹੀਂ ਸਕਦੇ ਅਤੇ ਨਾ ਹੀ ਅਸੀਂ ਡਰਨ ਵਾਲੇ ਹਾਂ ਇਸ ਤਰ੍ਹਾਂ ਦੀਆਂ ਘਟੀਆ ਕਾਰਵਾਈਆਂ ਕਰਕੇ ਤੁਸੀਂ ਆਪਣੇ ਅੰਦਰ ਦਾ ਸ਼ੈਤਾਨ ਪੂਰੀ ਦੁਨੀਆ ਸਾਹਮਣੇ ਰੱਖ ਰਹੇ ਹੋ। ਕੌਮ ਚੜ੍ਹਦੀ ਕਲਾ ਵਿਚ ਹੈ ਤੇ ਰਹੇਗੀ। ਉਹਨਾਂ ਕਿਹਾ ਕਿ ਹਿੰਦ ਸਰਕਾਰ ਵੱਲੋਂ ਸ਼ਹੀਦ ਕੀਤੇ ਜੁਝਾਰੂ ਭਾਈ ਹਰਮਿੰਦਰ ਸਿੰਘ ਨਿਹੰਗ ਭਾਈ ਹਰਮੀਤ ਸਿੰਘ ਪੀਐਚਡੀ ਕੌਮੀ ਯੋਧਾ ਸੰਦੀਪ ਸਿੰਘ ਦੀਪ ਸਿੱਧੂ ਭਾਈ ਹਰਦੀਪ ਸਿੰਘ ਨਿੱਝਰ ਭਾਈ ਪਰਮਜੀਤ ਸਿੰਘ ਪੰਜਵੜ ਭਾਈ ਅਵਤਾਰ ਸਿੰਘ ਖੰਡਾ ਸਾਡੇ ਲਈ ਪ੍ਰੇਰਨਾ ਸਰੋਤ ਹਨ।

# ਜਗਰੂਪ ਸਿੰਘ ਚੀਮਾ ਨੂੰ ਸ਼ੌਮਣੀ ਅਕਾਲੀ ਦਲ ਦੇ ਰਾਜਸੀ ਮਾਮਲਿਆਂ ਦੇ ਮੈਂਬਰ ਬਣਾਉਣ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪੀਰਮੁਹੰਮਦ ਦਾ ਕੀਤਾਂ ਧੰਨਵਾਦ



**ਚੰਡੀਗੜ੍ਹ / ਗੁਰਦਾਸਪੁਰ 5 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-**ਸਬਕਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸਰਦਾਰ ਜਗਰੂਪ ਸਿੰਘ ਚੀਮਾ ਨੂੰ ਸ਼ੌਮਣੀ ਅਕਾਲੀ ਦਲ ਦੇ ਵੱਲੋਂ ਇੱਕ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਜਿਸ ਵਿੱਚ ਜਗਰੂਪ ਸਿੰਘ ਚੀਮਾ ਨੂੰ ਸ਼ੌਮਣੀ ਅਕਾਲੀ ਦਲ ਦੇ ਰਾਜਸੀ ਮਾਮਲਿਆਂ ਦੇ ਮੈਂਬਰ ਦਾ ਅਹੁਦਾ ਦਿੱਤਾ ਗਿਆ ਇਹ ਇਕ ਸਲਾਘਾਯੋਗ ਫੈਸਲਾ ਕੀਤਾ ਗਿਆ। ਜਿਸ ਦੀ ਸ਼ਲਾਘਾ ਕਰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਪਰਮਿੰਦਰ ਸਿੰਘ ਢੀਂਗਰਾ, ਸੀਨੀਅਰ ਆਗੂ ਭਾਈ ਗਗਨਦੀਪ ਸਿੰਘ ਰਿਆੜ, ਗੁਰਮੁੱਖ ਸਿੰਘ ਸੰਧੂ, ਡਾਕਟਰ ਕਾਰਜ ਸਿੰਘ, ਗੁਰਬਖਸ਼ ਸਿੰਘ ਸੇਖੋਂ, ਸੁਖਵਿੰਦਰ ਸਿੰਘ ਦੀਨਾਨਗਰ, ਗੁਰਸ਼ਰਨ ਸਿੰਘ, ਅਰਮਿੰਦਰ ਸਿੰਘ, ਲੱਖਵਿੰਦਰ ਸਿੰਘ ਲੱਖਾਂ, ਜਗਰਾਜ ਸਿੰਘ ਰਾਜਾ, ਅਮਨਦੀਪ ਸਿੰਘ ਰਿਆੜ, ਡਾਕਟਰ ਰਣਜੀਤ ਸਿੰਘ, ਭੁਪਿੰਦਰ ਸਿੰਘ ਗਿੱਲ, ਲਵਪ੍ਰੀਤ ਸਿੰਘ, ਆਦਿ ਆਗੂਆਂ ਨੇ ਸ਼ੌਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੀਤਾਂ ਧੰਨਵਾਦ ਗਿਆ। ਜੋ ਕਿ ਪਿਛਲੇ ਦਿਨੀਂ

ਅਕਾਲੀ ਦਲ ਦੇ ਮੁੱਖ ਦਫਤਰ ਚੰਡੀਗੜ ਵਿਖੇ ਸਮੁੱਚੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂਆਂ ਦੀ ਅਹਿਮ ਬੈਠਕ ਸੱਦੀ ਗਈ ਜਿਸ ਵਿੱਚ

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਅਤੇ ਸ਼ੌਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਬੁਲਾਰੇ ਜਥੇਦਾਰ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਵਿਸ਼ੇਸ਼ ਤੌਰ ਭੂਮਿਕਾ ਨਿਭਾਈ ਗਈ ਜਿਹਨਾਂ ਦੀ ਮਿਹਨਤ ਸਦਕਾ ਅੱਜ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਹਰਿਆਵਲ ਦਸਤੇ ਨੂੰ ਅੱਜ ਬੂਰ ਪੈਂਦਾ ਹੋਇਆਂ ਨਜ਼ਰ ਆਇਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਬਹੁਤ ਸਾਰੇ ਪੰਥਕ ਸੋਚ ਰੱਖਣ ਵਾਲੇ ਆਗੂ ਇਸ ਜਥੇਬੰਦੀ ਵਿੱਚ ਆਪਣੀ ਸੇਵਾ ਨਿਭਾਅ ਰਹੇ ਹਨ। ਪਰ ਪਿਛਲੇ ਸਮੇਂ ਤੋਂ ਸ਼ੌਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਹਨਾਂ ਨੋਜਵਾਨਾ ਨੂੰ ਸ਼ੌਮਣੀ ਅਕਾਲੀ ਦਲ ਦੇ ਅਹਿਮ ਜ਼ਿੰਮੇਵਾਰੀ ਦਿੱਤੀਆਂ ਜਾ ਰਹੀਆਂ ਹਨ। ਜਿਸ ਨਾਲ ਸ਼ੌਮਣੀ ਅਕਾਲੀ ਦਲ ਨੂੰ ਦੁਬਾਰਾ ਬੁਲੰਦੀਆਂ ਤੇ ਪਹੁੰਚਾਇਆ ਜਾਵੇਗਾ ਪੰਥਿਕ ਸੋਚ ਦੇ ਨੋਜਵਾਨਾ ਨੂੰ ਸ਼ੌਮਣੀ ਅਕਾਲੀ ਦਲ ਦੇ ਅਹੁਦੇਦਾਰੀਆਂ ਦੇ ਕੇ ਨਿਵਾਜਿਆ ਜਾਵੇਗਾ। ਇਸ ਮੌਕੇ ਤੇ ਸ਼ੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਬਕਾ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਸ੍ ਚਰਨਜੀਤ ਸਿੰਘ ਬਰਾੜ ਦਾ ਵਿਸੇਸ਼ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243